ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

You Tube https://youtu.be/LQwolgxDu7I

awazeqaumtvpunjab@gmail.com

ਮੰਗਲਵਾਰ, 1 ਅਪ੍ਰੈਲ 2025 (ਨਾਨਕਸ਼ਾਹੀ ਸੰਮਤ : ੫੫੭, ੧੯ ਚੇਤ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243

## ਫਿਲੌਰ 'ਚ ਡਾ. ਅੰਬੇਦਕਰ ਦੇ ਬੁੱਤ 'ਤੇ ਲਿਖੇ ਗਏ ਖਾਲਿਸਤਾਨੀ ਨਾਅਰੇ

# ਸਿੱਖ ਫਾਰ ਜਸਟਿਸ ਨੇ ਜ਼ਿੰਮੇਵਾਰੀ ਲੈਂਦਿਆਂ ਦਿੱਤੀ ਚੇਤਾਵਨੀ

**ਫਿਲੌਰ, 31 ਮਾਰਚ (ਆਵਾਜ਼ਿ ਕੌਮ ਬਿਊਰੋ)**-ਫਿਲੌਰ 'ਚ ਬਾਬਾ ਸਾਹਿਬ ਅੰਬੇਡਕਰ ਦੇ ਬੁੱਤ 'ਤੇ ਖਾਲਿਸਤਾਨੀ ਨਾਅਰਾ ਲਿਖਣ ਦੀ ਘਟਨਾ ਸਾਹਮਣੇ ਆਈ ਹੈ। ਇਸ ਘਟਨਾ ਦੀ ਕਥਿਤ ਤੌਰ 'ਤੇ ਸਿੱਖ ਫਾਰ ਜਸਟਿਸ ਦੇ ਮੁਖੀ ਗੁਰਪਤਵੰਤ ਪੰਨੂ ਨੇ ਜ਼ਿੰਮੇਵਾਰੀ ਲਈ ਹੈ। ਇਸ ਦੌਰਾਨ ਗੁਰਪਤਵੰਤ ਪੰਨੂ ਨੇ ਕਿਹਾ ਕਿ ਨੰਗਲ, ਫਿਲੌਰ 'ਚ ਬਣੇ ਬਾਬਾ ਸਾਹਿਬ ਦੇ ਬੁੱਤ 'ਤੇ ਖਾਲਿਸਤਾਨੀ ਨਾਅਰਾ ਉਨ੍ਹਾਂ ਵੱਲੋਂ ਲਿਖਿਆ ਗਿਆ ਹੈ। ਇਸ ਦੌਰਾਨ 14 ਅਪ੍ਰੈਲ ਨੂੰ ਬਾਬਾ ਸਾਹਿਬ ਦੇ ਜਨਮ ਦਿਨ ਮੌਕੇ ਪੰਜਾਬ ਭਰ 'ਚ ਬੁੱਤ ਹਟਾਉਣ ਲਈ ਕਿਹਾ ਗਿਆ ਹੈ, ਜਿਸ ਕਾਰਨ ਐਸਸੀ ਭਾਈਚਾਰੇ ਵਿੱਚ



ਭਾਰੀ ਰੋਸ ਪਾਇਆ ਜਾ ਰਿਹਾ ਹੈ। ਜਾਰੀ ਕੀਤੀ ਗਈ ਕਥਿਤ ਵੀਡੀਓ ਵਿੱਚ ਗੁਰਪਤਵੰਤ ਸਿੰਘ ਪੰਨੂ ਵੱਲੋਂ ਬਾਬਾ ਸਾਹਿਬ ਅੰਬੇਦਕਰ ਲਈ ਬਹੁਤ ਹੀ ਘਟੀਆ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਹੈ। ਗੁਰਪਤਵੰਤ ਪੰਨੂ ਨੇ ਕਿਹਾ ਕਿ ਅੱਜ ਬਾਬਾ ਅੰਬੇਦਕਰ ਦੇ ਬੁੱਤ 'ਤੇ ਸਿੱਖ ਫਾਰ ਜਸਟਿਸ ਦੇ ਕਾਰਕੁੰਨਾਂ ਨੇ ਇਹ ਛਾਪੇ ਲਾਏ ਹਨ। ਗੁਰਪਤਵੰਤ ਪੰਨੂ ਨੇ ਕਿਹਾ ਕਿ ਇਹ ਐਸਸੀ ਭਾਈਚਾਰੇ ਨੂੰ ਸੁਨੇਹਾ ਦਿੱਤਾ ਗਿਆ ਹੈ ਕਿ ਉਨ੍ਹਾਂ ਦਾ ਗੁਰੂ ਬਾਬਾ ਸਾਹਿਬ ਅੰਬੇਦਕਰ ਨਹੀਂ, ਸਗੋਂ ਭਗਤ ਰਵੀਦਾਸ ਜੀ ਹਨ। ਉਸ ਨੇ 14 ਅਪ੍ਰੈਲ ਨੂੰ ਬਾਬਾ ਸਾਹਿਬ ਦੇ ਜਨਮ ਦਿਨ ਨੂੰ ਲੈ ਕੇ ਐਸ.ਸੀ. ਭਾਈਚਾਰੇ ਨੂੰ ਚੇਤਾਵਨੀ ਜਾਰੀ ਕੀਤੀ ਕਿ ਉਹ ਇਸ ਦਿਨ ਬਾਬਾ ਸਾਹਿਬ ਦੇ ਪੰਜਾਬ ਭਰ ਵਿੱਚੋਂ ਬੁੱਤ ਉਤਾਰ ਦੇਣ ਅਤੇ ਭਗਤ ਰਵੀਦਾਸ ਜੀ ਦੇ ਬੁੱਤ ਲਗਾਏ ਜਾਣ। ਜਲੰਧਰ ਦੇ ਸੰਸਦ ਮੈਂਬਰ ਚੰਨੀ ਨੇ ਇਸ ਘਟਨਾ ਨੂੰ ਨਿੰਦਣਯੋਗ ਦੱਸਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਆਪਸੀ ਭਾਈਚਾਰਾ ਤੋੜਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਸ਼ਰਾਰਤੀ ਅਨਸਰ ਸਭ ਨੂੰ ਧਰਮ ਦੇ ਨਾਂ 'ਤੇ ਲੜਾਉਣਾ ਚਾਹੁੰਦੇ ਹਨ। ਉਨ੍ਹਾਂ ਨੇ ਕਿਹਾ ਕਿ ਕੁਝ ਤਾਕਤਾਂ ਪੰਜਾਬ ਦਾ ਮਾਹੌਲ ਖਰਾਬ ਕਰਨਾ ਚਾਹੁੰਦੀਆਂ ਹਨ। ਸ਼ਰਾਰਤੀ ਲੋਕ ਜਾਣਦੇ ਹਨ ਕਿ ਸੂਬੇ ਵਿੱਚ ਦਲਿਤ ਭਾਈਚਾਰਾ ਵੱਡੀ ਗਿਣਤੀ ਵਿੱਚ ਹੈ। ਉਨ੍ਹਾਂ ਨੇ ਪੰਜਾਬ ਸਰਕਾਰ ਨੂੰ ਤੁਰੰਤ ਅਜਿਹੇ ਸ਼ਰਾਰਤੀ ਅਨਸਰਾਂ ਨੂੰ ਕਾਬੂ ਕਰਨ ਦੀ ਅਪੀਲ ਕੀਤੀ ਹੈ।




## ਪੰਜਾਬ ਯੂਨੀਵਰਸਿਟੀ ਆਦਿੱਤਿਆ ਕਤਲਕਾਂਡ ਦੀ ਸੁਲਝੀ ਗੁੱਥੀ; 4 ਮੁਲਜ਼ਮ ਗ੍ਰਿਫਤਾਰ, ਦੱਸਿਆ ਕਤਲ ਦਾ ਕਾਰਨ

**ਚੰਡੀਗੜ੍ਹ, 31 ਮਾਰਚ (ਆਵਾਜ਼ਿ ਕੌਮ ਬਿਊਰੋ)**-ਹਰਿਆਣਵੀ ਗਾਇਕ ਮਾਸੂਮ ਸ਼ਰਮਾ ਦੇ ਇੱਕ ਸ਼ੋਅ ਦੌਰਾਨ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਦੂਜੇ ਸਾਲ ਦੇ ਵਿਦਿਆਰਥੀ ਆਦਿੱਤਿਆ ਠਾਕੁਰ ਦੇ ਕਤਲ ਦੇ ਮਾਮਲੇ ਵਿੱਚ ਪੁਲਿਸ ਨੇ ਚਾਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਚੰਡੀਗੜ੍ਹ ਪੁਲਿਸ ਵੱਲੋਂ ਸਾਹਿਲ, ਲਵਿਸ਼, ਉਦੇ ਤੇ ਰਾਘਵ ਵਜੋਂ ਮੁਲਜ਼ਮਾਂ ਦੀ ਪਛਾਣ ਹੋਈ। ਦੱਸ ਦਈਏ ਕਿ ਗ੍ਰਿਫਤਾਰ ਕੀਤੇ ਗਏ ਮੁਲਜ਼ਮ ਮਨੀਮਾਜਰਾ ਦੇ ਰਹਿਣ ਵਾਲੇ ਦੱਸੇ ਜਾ ਰਹੇ ਹਨ। ਪੁਲਿਸ ਪੁੱਛਗਿੱਛ ਦੌਰਾਨ ਮੁਲਜ਼ਮ ਨੇ ਦੱਸਿਆ ਕਿ ਭੀੜ ਬਹੁਤ ਜ਼ਿਆਦਾ ਸੀ। ਜਦੋਂ ਉਹ ਕੁਝ ਦੇਰ ਸੰਗੀਤ ਸਮਾਰੋਹ ਦੇਖਣ ਤੋਂ ਬਾਅਦ ਜਾਣ ਲੱਗੇ ਤਾਂ ਭੀੜ ਕਾਰਨ ਕੁਝ ਵਿਦਿਆਰਥੀਆਂ ਨਾਲ ਝਗੜਾ ਅਤੇ ਮਾਮੂਲੀ ਝੜਪ ਹੋ ਗਈ। ਜਦੋਂ ਉਸਨੇ ਬਾਹਰ ਆ ਕੇ ਆਪਣੇ ਦੂਜੇ ਦੋਸਤਾਂ ਨੂੰ ਇਹ ਦੱਸਿਆ, ਤਾਂ ਉਨ੍ਹਾਂ ਨੇ ਗੁੱਸੇ ਨਾਲ ਕਿਹਾ ਕਿ ਉਨ੍ਹਾਂ ਮੁੰਡਿਆਂ ਨੂੰ ਸਬਕ ਸਿਖਾਉਣਾ ਚਾਹੀਦਾ ਹੈ। ਇਸ ਤੋਂ ਬਾਅਦ, ਉਹ ਸਾਰੇ ਦੁਬਾਰਾ ਕੰਸਰਟ ਵਾਲੀ ਥਾਂ ਦੇ ਬਾਹਰ, ਬੁਆਇਜ਼ ਹੋਸਟਲ ਨੰਬਰ 8 ਦੇ ਨੇੜੇ ਖੁੱਲ੍ਹੇ ਮੈਦਾਨ ਵਿੱਚ ਪਹੁੰਚ ਗਏ, ਅਤੇ ਸ਼ਿਕਾਇਤਕਰਤਾ ਅਤੇ ਉੱਥੇ ਮੌਜੂਦ ਹੋਰ ਵਿਦਿਆਰਥੀਆਂ ਨਾਲ ਦੁਬਾਰਾ ਲੜਾਈ ਸ਼ੁਰੂ ਕਰ ਦਿੱਤੀ। ਇਸ ਦੌਰਾਨ, ਉਸਦੇ ਦੋਸਤਾਂ ਨੇ ਸ਼ਿਕਾਇਤਕਰਤਾ/ਵਿਦਿਆਰਥੀ 'ਤੇ ਚਾਕੂ ਨਾਲ ਹਮਲਾ ਕੀਤਾ, ਉਸਦੀ ਪਿੱਠ ਵਿੱਚ ਚਾਕੂ ਮਾਰਿਆ, ਜਦੋਂ ਕਿ ਇੱਕ ਹੋਰ ਵਿਦਿਆਰਥੀ ਦੀ ਸੱਜੀ ਲੱਤ 'ਤੇ ਚਾਕੂ ਮਾਰਿਆ ਗਿਆ। ਇਸ ਤੋਂ ਬਾਅਦ ਸਾਰੇ ਦੋਸ਼ੀ ਉੱਥੋਂ ਭੱਜ ਗਏ।

## ਕਿਸਾਨਾਂ ਵੱਲੋਂ ਪੰਜਾਬ ਸਰਕਾਰ ਖਿਲਾਫ਼ ਹੱਲਾ-ਬੋਲ, ਸੂਬੇ ਭਰ ਦੇ ਵੱਖ-ਵੱਖ ਥਾਂਵਾਂ 'ਤੇ ਕੀਤੇ ਜਾ ਰਹੇ ਧਰਨੇ

**ਚੰਡੀਗੜ੍ਹ, 31 ਮਾਰਚ (ਆਵਾਜ਼ਿ ਕੌਮ ਬਿਊਰੋ)**-ਪੰਜਾਬ-ਹਰਿਆਣਾ ਦੇ ਸ਼ੰਭੂ ਅਤੇ ਖਨੌਰੀ ਸਰਹੱਦ 'ਤੇ 13 ਮਹੀਨਿਆਂ ਤੋਂ ਅੰਦੋਲਨ ਕਰ ਰਹੇ ਕਿਸਾਨ ਮਜ਼ਦੂਰ ਮੋਰਚਾ (ਕੇਐਮਐਮ) ਅਤੇ ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਿਕ) ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਸਮੇਤ ਕਈ ਕੈਬਨਿਟ ਮੰਤਰੀਆਂ ਅਤੇ ਵਿਧਾਇਕਾਂ ਦੇ ਘਰਾਂ ਦਾ ਘਿਰਾਓ ਕੀਤਾ ਗਿਆ ਹੈ। ਦੱਸ ਦਈਏ ਕਿ ਕਿਸਾਨਾਂ ਵੱਲੋਂ ਸ਼ਾਮ 4 ਵਜੇ ਤੱਕ ਆਪਣੀ ਆਵਾਜ਼ ਬੁਲੰਦ ਕੀਤੀ ਜਾਵੇਗੀ। ਇਸੇ ਲੜੀ ਤਹਿਤ ਤਲਵੰਡੀ ਸਾਬੋ ਵਿਖੇ ਆਮ ਆਦਮੀ ਪਾਰਟੀ ਦੇ ਵਿਧਾਇਕ ਬਲਜਿੰਦਰ ਕੌਰ ਦੇ ਘਰ ਅੱਗੇ ਕਿਸਾਨਾਂ ਵੱਲੋਂ ਜੋਰਦਾਰ ਰੋਸ ਪ੍ਰਦਰਸ਼ਨ ਕੀਤਾ ਗਿਆ। ਪ੍ਰਦਰਸ਼ਨ ਦੌਰਾਨ ਕਿਸਾਨਾਂ ਦੇ ਨਾਲ ਨਾਲ ਕਿਸਾਨ ਬੀਬੀਆਂ ਨੇ ਵੀ ਸ਼ਰਕਤ ਕੀਤੀ। ਪ੍ਰਦਰਸ਼ਨਕਾਰੀਆਂ ਨੇ ਪੰਜਾਬ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ। ਇਸ ਮੌਕੇ ਕਿਸਾਨ ਆਗੂਆਂ ਨੇ ਕਿਹਾ ਕਿ 19 ਮਾਰਚ ਨੂੰ ਖਨੌਰੀ ਬਾਰਡਰ 'ਤੇ ਚੱਲ ਰਿਹਾ ਹੈ। ਕਿਸਾਨਾਂ ਦੇ ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਦੇ ਇਸ਼ਾਰੇ ਤੇ ਮੀਟਿੰਗ ਬੁਲਾ ਕੇ ਪਿੱਠ ਚ ਛੁਰਾ ਮਾਰਨ ਦਾ ਸੋਚੀ ਸਮਝੀ ਸਾਜਿਸ਼ ਤਹਿਤ ਕੰਮ ਕੀਤਾ ਹੈ। ਕਿਸਾਨ ਆਗੂਆਂ ਨੇ ਐਲਾਨ ਕੀਤਾ ਕਿ ਆਉਣ ਵਾਲੇ ਦਿਨਾਂ ਵਿੱਚ ਪਿੰਡਾਂ ਵਿੱਚ ਆਮ ਵਿਧਾਇਕਾਂ ਦਾ ਕਿਰਾਓ ਕੀਤਾ ਜਾਵੇਗਾ। ਦੂਜੇ ਪਾਸੇ ਲੁਧਿਆਣਾ ਦੇ ਸਾਹਨੇਵਾਲ ਹਲਕੇ ਦੇ ਵਿਧਾਇਕ ਤੇ ਮੰਤਰੀ ਹਰਦੀਪ ਸਿੰਘ ਮੁੰਡੀਆਂ ਦੇ ਦਫਤਰ ਬਾਹਰ ਕਿਸਾਨਾਂ ਨੇ ਧਰਨਾ ਲਗਾਇਆ ਗਿਆ ਹੈ। ਇਸ ਦੌਰਾਨ ਕਿਸਾਨਾਂ ਵੱਲੋਂ ਪੰਜਾਬ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਹੁਸ਼ਿਆਰਪੁਰ ਵਿਖੇ ਮੰਤਰੀ ਡਾਕਟਰ ਰਵਜੋਤ ਦੇ ਦਫ਼ਤਰ ਦਾ ਘਿਰਾਓ ਕੀਤਾ ਗਿਆ। ਇਸ ਮੌਕੇ ਕਿਸਾਨਾਂ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਤਸ਼ਦੱਦ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀ ਕੀਤਾ ਜਾਵੇਗਾ ਅਤੇ ਜੇਕਰ ਇਸ ਤੋਂ ਬਾਅਦ ਵੀ ਸਰਕਾਰ ਨੇ ਨਹੀ ਸੁਣੀ ਤਾਂ ਮੀਟਿੰਗ ਕਰ ਅਣਮਿੱਥੇ ਸਮੇਂ ਲਈ ਸੰਘਰਸ਼ ਉਲੀਕਾਂਗੇ।



## ਜਲੰਧਰ 'ਚ 50 ਜਾਅਲੀ ਟਰੈਵਲ ਏਜੰਟਾਂ ਵਿਰੁੱਧ ਐਕਸ਼ਨ, ਰੱਦ ਕੀਤੇ ਲਾਇਸੈਂਸ, ਕਿਹਾ- ਧੋਖਾਧੜੀ ਕਰਨ ਵਾਲਿਆਂ ਖ਼ਿਲਾਫ਼ ਜਾਰੀ ਰਹੇਗੀ ਕਾਰਵਾਈ




**ਜਲੰਧਰ, 31 ਮਾਰਚ (ਆਵਾਜ਼ਿ ਕੌਮ ਬਿਊਰੋ)**-ਜਲੰਧਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅਣਅਧਿਕਾਰਤ ਇਮੀਗ੍ਰੇਸ਼ਨ ਫਰਮਾਂ ਵਿਰੁੱਧ ਵੱਡੀ ਕਾਰਵਾਈ ਕੀਤੀ ਗਈ ਹੈ। ਜਲੰਧਰ ਪ੍ਰਸ਼ਾਸਨ ਨੇ ਜ਼ਿਲ੍ਹੇ ਦੇ 50 ਜਾਅਲੀ ਟਰੈਵਲ ਏਜੰਟਾਂ ਦੇ ਲਾਇਸੈਂਸ ਰੱਦ ਕਰ ਦਿੱਤੇ ਹਨ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਇਸ ਬਾਰੇ ਜਾਣਕਾਰੀ ਸਾਂਝੀ ਕੀਤੀ ਹੈ। ਡੀਸੀ ਅਗਰਵਾਲ ਨੇ ਕਿਹਾ ਕਿ ਇਨ੍ਹਾਂ ਫਰਮਾਂ ਨੇ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਜਾਣ ਦੇ ਬਾਵਜੂਦ ਆਪਣੇ ਲਾਇਸੈਂਸ ਰੀਨਿਊ ਨਹੀਂ ਕੀਤੇ। ਨੋਟਿਸ ਦਾ ਜਵਾਬ ਨਾ ਦੇਣ 'ਤੇ ਪ੍ਰਸ਼ਾਸਨ ਨੇ ਸਖ਼ਤ ਕਾਰਵਾਈ ਕੀਤੀ ਅਤੇ ਉਨ੍ਹਾਂ ਦੇ ਲਾਇਸੈਂਸ ਰੱਦ ਕਰ ਦਿੱਤੇ। ਡੀਸੀ ਡਾ. ਅਗਰਵਾਲ ਨੇ ਅੱਗੇ ਕਿਹਾ ਕਿ ਕਾਨੂੰਨੀ ਨਿਯਮਾਂ ਦੀ ਪਾਲਣਾ ਨਾ ਕਰਨ ਵਾਲੀਆਂ ਇਮੀਗ੍ਰੇਸ਼ਨ ਫਰਮਾਂ ਤੋਂ ਲੋਕਾਂ ਦੀ ਰੱਖਿਆ ਲਈ ਪ੍ਰਸ਼ਾਸਨ ਦੀ ਵਚਨਬੱਧਤਾ ਹੈ। ਉਨ੍ਹਾਂ ਲੋਕਾਂ ਨੂੰ ਸਿਰਫ਼ ਰਜਿਸਟਰਡ ਇਮੀਗ੍ਰੇਸ਼ਨ ਫਰਮਾਂ ਨਾਲ ਹੀ ਸਲਾਹ ਕਰਨ ਦੀ ਅਪੀਲ ਕੀਤੀ। ਜਿਨ੍ਹਾਂ ਨੇ ਪ੍ਰਸ਼ਾਸਨ ਤੋਂ ਸਹੀ ਲਾਇਸੈਂਸ ਪ੍ਰਾਪਤ ਕੀਤਾ ਹੈ। ਉਨ੍ਹਾਂ ਕਿਹਾ ਕਿ ਜਲੰਧਰ ਪ੍ਰਸ਼ਾਸਨ ਜ਼ਿਲ੍ਹੇ ਵਿੱਚ ਕੰਮ ਕਰ ਰਹੀਆਂ ਸਾਰੀਆਂ ਇਮੀਗ੍ਰੇਸ਼ਨ ਫਰਮਾਂ ਦੀ ਲਗਾਤਾਰ ਨਿਗਰਾਨੀ ਕਰ ਰਿਹਾ ਹੈ। ਬਿਨਾਂ ਲਾਇਸੈਂਸ ਦੇ ਕਾਰੋਬਾਰ ਚਲਾਉਣ ਵਾਲਿਆਂ ਵਿਰੁੱਧ ਕਾਰਵਾਈ ਜਾਰੀ ਰਹੇਗੀ। ਇਸ ਕਦਮ ਦਾ ਉਦੇਸ਼ ਇਮੀਗ੍ਰੇਸ਼ਨ ਖੇਤਰ ਵਿੱਚ ਧੋਖਾਧੜੀ ਨੂੰ ਰੋਕਣਾ ਅਤੇ ਇਹ ਯਕੀਨੀ ਬਣਾਉਣਾ ਹੈ ਕਿ ਕੋਈ ਵੀ ਧੋਖਾਧੜੀ ਕਰਨ ਵਾਲਾ ਕੋਈ ਧੋਖਾਧੜੀ ਨਾ ਕਰੇ। ਡੀਸੀ ਅਗਰਵਾਲ ਨੇ ਕਿਹਾ ਕਿ ਜੇਕਰ ਕਿਸੇ ਵੀ ਵਿਅਕਤੀ ਨੂੰ ਇਮੀਗ੍ਰੇਸ਼ਨ ਦਾ ਕੰਮ ਕਰਨਾ ਹੈ ਤਾਂ ਉਸਨੂੰ ਸਰਕਾਰ ਦੁਆਰਾ ਬਣਾਏ ਗਏ ਕਾਨੂੰਨ ਦੀ ਪਾਲਣਾ ਕਰਨੀ ਚਾਹੀਦੀ ਹੈ ਤਾਂ ਜੋ ਉਸਨੂੰ ਲਾਇਸੈਂਸ ਮਿਲ ਸਕੇ।

## ਆ ਗਈ ਦੁਨੀਆ ਦੇ ਸਭ ਤੋਂ ਸੁਰੱਖਿਅਤ ਦੇਸ਼ਾਂ ਦੀ ਸੂਚੀ, 'ਵਿਸ਼ਵ ਗੁਰੂ' ਭਾਰਤ ਦੇ ਪਾਕਿਸਤਾਨ ਨਾਲੋਂ ਵੀ ਮਾੜੇ ਹਾਲ

**ਨਵੀਂ ਦਿੱਲੀ, 31 ਮਾਰਚ (ਆਵਾਜ਼ਿ ਕੌਮ ਬਿਊਰੋ)**-ਗਲੋਬਲ ਸੇਫਟੀ ਇੰਡੈਕਸ 2025 ਨੇ ਦੁਨੀਆ ਦੇ ਸਭ ਤੋਂ ਸੁਰੱਖਿਅਤ ਦੇਸ਼ਾਂ ਦੀ ਇੱਕ ਨਵੀਂ ਸੂਚੀ ਜਾਰੀ ਕੀਤੀ ਹੈ ਅਤੇ ਇਸ ਵਿੱਚ ਕੁਝ ਹੈਰਾਨੀਜਨਕ ਅੰਕੜੇ ਸਾਹਮਣੇ ਆਏ ਹਨ। ਪਾਕਿਸਤਾਨ ਨੇ ਭਾਰਤ ਨੂੰ ਪਿੱਛੇ ਛੱਡ ਕੇ ਬਿਹਤਰ ਰੈਂਕਿੰਗ ਪ੍ਰਾਪਤ ਕੀਤੀ ਹੈ, ਜਦੋਂ ਕਿ ਅਮਰੀਕਾ, ਯੂਕੇ ਅਤੇ ਚੀਨ ਵਰਗੇ ਵੱਡੇ ਦੇਸ਼ਾਂ ਦੀ ਰੈਂਕਿੰਗ ਮੁਕਾਬਲਤਨ ਘੱਟ ਹੈ। ਆਓ ਜਾਣਦੇ ਹਾਂ ਕਿ ਕਿਸ ਦੇਸ਼ ਨੂੰ ਕਿੰਨੀਆਂ ਰੇਟਿੰਗਾਂ ਮਿਲੀਆਂ ਅਤੇ ਇਨ੍ਹਾਂ ਅੰਕੜਿਆਂ ਦੇ ਪਿੱਛੇ ਅਸਲ ਕਾਰਨ ਕੀ ਹੋ ਸਕਦੇ ਹਨ। ਨੰਬੀਓ ਦੁਆਰਾ ਜਾਰੀ ਕੀਤੇ ਗਏ ਗਲੋਬਲ ਸੇਫਟੀ ਇੰਡੈਕਸ 2025 ਵਿੱਚ ਪਾਕਿਸਤਾਨ 65ਵੇਂ ਸਥਾਨ 'ਤੇ ਹੈ, ਜਦੋਂ ਕਿ ਭਾਰਤ 66ਵੇਂ ਸਥਾਨ 'ਤੇ ਹੈ। ਇਹ ਦੋਵਾਂ ਦੇਸ਼ਾਂ ਲਈ ਇੱਕ ਮਹੱਤਵਪੂਰਨ ਸੰਕੇਤ ਹੈ ਕਿ ਪਾਕਿਸਤਾਨ ਨੇ ਹੁਣ ਸੁਰੱਖਿਆ ਦੇ ਮਾਮਲੇ ਵਿੱਚ ਭਾਰਤ ਨੂੰ ਪਿੱਛੇ ਛੱਡ ਦਿੱਤਾ ਹੈ। ਦਿਲਚਸਪ ਗੱਲ ਇਹ ਹੈ ਕਿ ਅਮਰੀਕਾ, ਜਿਸਨੂੰ ਅਕਸਰ ਸੁਰੱਖਿਆ ਲਈ ਚੋਟੀ ਦੇ ਦੇਸ਼ਾਂ ਵਿੱਚ ਦਰਜਾ ਦਿੱਤਾ ਜਾਂਦਾ ਹੈ, ਇਸ ਸੂਚੀ ਵਿੱਚ 89ਵੇਂ ਸਥਾਨ 'ਤੇ ਹੈ, ਜੋ ਕਿ ਦੋਵਾਂ ਦੱਖਣੀ ਏਸ਼ੀਆਈ ਦੇਸ਼ਾਂ ਨਾਲੋਂ ਵੀ ਘੱਟ ਹੈ। ਇਸ ਸੂਚੀ ਵਿੱਚ ਅੰਡੋਰਾ ਨੇ 84.7 ਅੰਕਾਂ ਨਾਲ ਸਭ ਤੋਂ ਸੁਰੱਖਿਅਤ ਦੇਸ਼ ਵਜੋਂ ਪਹਿਲਾ ਸਥਾਨ ਹਾਸਲ ਕੀਤਾ ਹੈ। ਇਨ੍ਹਾਂ ਤੋਂ ਬਾਅਦ ਸੰਯੁਕਤ ਅਰਬ ਅਮੀਰਾਤ (84.5), ਕਤਰ (84.2), ਤਾਈਵਾਨ (82.9) ਅਤੇ ਓਮਾਨ (81.7) ਦਾ ਨੰਬਰ ਆਉਂਦਾ ਹੈ। ਇਹ ਦੇਸ਼ ਆਪਣੀ ਮਜ਼ਬੂਤ ? ?ਸੁਰੱਖਿਆ ਪ੍ਰਣਾਲੀ, ਘੱਟ ਅਪਰਾਧ ਦਰ ਅਤੇ ਬਿਹਤਰ ਜੀਵਨ ਪੱਧਰ ਦੇ ਕਾਰਨ ਇਸ ਰੈਂਕਿੰਗ ਵਿੱਚ ਸਿਖਰ 'ਤੇ ਹਨ। ਨੰਬੀਓ ਦੁਆਰਾ ਜਾਰੀ ਕੀਤੀ ਗਈ ਇਹ ਦਰਜਾਬੰਦੀ ਵੱਖ-ਵੱਖ ਦੇਸ਼ਾਂ ਦੇ ਨਾਗਰਿਕਾਂ ਦੁਆਰਾ ਕੀਤੇ ਗਏ ਸੁਰੱਖਿਆ ਸਰਵੇਖਣ 'ਤੇ ਅਧਾਰਤ ਹੈ। ਇਸ ਵਿੱਚ ਇਹ ਦੇਖਿਆ ਗਿਆ ਕਿ ਲੋਕ ਦਿਨ ਅਤੇ ਰਾਤ ਆਪਣੀ ਸੁਰੱਖਿਆ ਨੂੰ ਲੈ ਕੇ ਕਿੰਨੇ ਸੰਤੁਸ਼ਟ ਹਨ। ਇਸ ਤੋਂ ਇਲਾਵਾ, ਚੋਰੀ, ਸਰੀਰਕ ਹਮਲੇ, ਪਰੇਸ਼ਾਨੀ, ਵਿਤਕਰੇ ਅਤੇ ਹੋਰ ਹਿੰਸਕ ਅਪਰਾਧਾਂ ਦੀਆਂ ਦਰਾਂ ਵੀ ਸ਼ਾਮਲ ਹਨ। ਇਹ ਸੂਚੀ ਸਾਨੂੰ ਦੱਸਦੀ ਹੈ ਕਿ ਦੁਨੀਆ ਭਰ ਵਿੱਚ ਸੁਰੱਖਿਆ ਦੀ ਭਾਵਨਾ ਹਮੇਸ਼ਾ ਸਰਕਾਰ ਦੁਆਰਾ ਪੇਸ਼ ਕੀਤੇ ਗਏ ਅੰਕੜਿਆਂ ਅਤੇ ਜਾਣਕਾਰੀ ਦੀ ਬਜਾਏ ਨਿੱਜੀ ਅਨੁਭਵਾਂ ਅਤੇ ਭਾਵਨਾਵਾਂ 'ਤੇ ਅਧਾਰਤ ਹੁੰਦੀ ਹੈ।

ਭਾਰਤ ਅਤੇ ਪਾਕਿਸਤਾਨ ਲਈ ਅੱਗੇ ਦਾ ਰਸਤਾ ਕੀ ?

ਭਾਰਤ ਅਤੇ ਪਾਕਿਸਤਾਨ ਦੀ ਰੈਂਕਿੰਗ ਵਿੱਚ ਸਿਰਫ਼ ਇੱਕ ਅੰਕ ਦਾ ਫ਼ਰਕ ਹੈ, ਪਰ ਇਹ ਦੋਵਾਂ ਦੇਸ਼ਾਂ ਲਈ ਚਿੰਤਾ ਦਾ ਵਿਸ਼ਾ ਹੋ ਸਕਦਾ ਹੈ। ਭਾਰਤ ਨੂੰ ਆਪਣੀ ਸੁਰੱਖਿਆ ਪ੍ਰਣਾਲੀ ਨੂੰ ਬਿਹਤਰ ਬਣਾਉਣ ਵੱਲ ਕਦਮ ਚੁੱਕਣੇ ਪੈਣਗੇ ਤਾਂ ਜੋ ਭਵਿੱਖ ਵਿੱਚ ਇਸ ਰੈਂਕਿੰਗ ਵਿੱਚ ਬਿਹਤਰ ਸਥਾਨ ਪ੍ਰਾਪਤ ਕਰ ਸਕੇ। ਇਸ ਲਈ, ਜੇਕਰ ਤੁਸੀਂ ਵੀ ਦੁਨੀਆ ਦੇ ਸਭ ਤੋਂ ਸੁਰੱਖਿਅਤ ਦੇਸ਼ਾਂ ਵਿੱਚ ਯਾਤਰਾ ਕਰਨ ਜਾਂ ਰਹਿਣ ਬਾਰੇ ਸੋਚ ਰਹੇ ਹੋ, ਤਾਂ ਇਸ ਸੂਚੀ ਨੂੰ ਧਿਆਨ ਵਿੱਚ ਰੱਖੋ। ਨਾਲ ਹੀ, ਆਪਣੇ ਦੇਸ਼ ਦੀ ਸੁਰੱਖਿਆ ਪ੍ਰਤੀ ਜਾਗਰੂਕ ਹੋਣਾ ਅਤੇ ਇਸਨੂੰ ਬਿਹਤਰ ਬਣਾਉਣ ਲਈ ਕਦਮ ਚੁੱਕਣਾ ਬਹੁਤ ਜ਼ਰੂਰੀ ਹੈ। ਗਲੋਬਲ ਸੇਫਟੀ ਇੰਡੈਕਸ ਦੀ ਇਹ ਨਵੀਂ ਦਰਜਾਬੰਦੀ ਸਾਨੂੰ ਦਰਸਾਉਂਦੀ ਹੈ ਕਿ ਸੁਰੱਖਿਆ ਸਿਰਫ਼ ਸਰਕਾਰ ਜਾਂ ਕਾਨੂੰਨ ਵਿਵਸਥਾ ਨਾਲ ਹੀ ਨਹੀਂ ਜੁੜੀ ਹੋਈ ਹੈ, ਸਗੋਂ ਆਮ ਲੋਕਾਂ ਦੇ ਅਨੁਭਵਾਂ ਅਤੇ ਧਾਰਨਾਵਾਂ ਨਾਲ ਵੀ ਜੁੜੀ ਹੋਈ ਹੈ। ਪਾਕਿਸਤਾਨ ਦਾ ਭਾਰਤ ਤੋਂ ਅੱਗੇ ਨਿਕਲਣਾ, ਅਮਰੀਕਾ ਦਾ ਹੇਠਾਂ ਜਾਣਾ ਅਤੇ ਛੋਟੇ ਦੇਸ਼ਾਂ ਦਾ ਸਿਖਰ 'ਤੇ ਹੋਣਾ ਦਰਸਾਉਂਦਾ ਹੈ ਕਿ ਸਾਨੂੰ ਆਪਣੀ ਸੁਰੱਖਿਆ ਪ੍ਰਣਾਲੀ ਨੂੰ ਬਿਹਤਰ ਬਣਾਉਣ ਲਈ ਹੋਰ ਕੰਮ ਕਰਨ ਦੀ ਲੋੜ ਹੈ।

## ਹਕੂਮਤ ਦਾ ਤਾਨਾਸ਼ਾਹੀ ਰਵੱਈਆ

## ਮਾਨ ਸਰਕਾਰ ਦਾ ਮਹਿਲਾ ਅਧਿਆਪਕਾਂ 'ਤੇ ਤਸ਼ੱਦਦ ! 'ਕੱਪੜੇ ਪਾੜੇ, ਗਰਭਪਤੀ ਔਰਤਾਂ ਦੇ ਢਿੱਡਾਂ 'ਚ ਮਾਰੀਆਂ ਲੱਤਾਂ'



**ਬਠਿੰਡਾ, 31 ਮਾਰਚ (ਆਵਾਜ਼ਿ ਕੌਮ ਬਿਊਰੋ)**-ਬਠਿੰਡਾ ਜ਼ਿਲ੍ਹਾ ਦੇ ਚਾਉਕੇ ਵਿੱਚ ਆਦਰਸ਼ ਸਕੂਲ ਅੱਗੇ ਚੱਲ ਰਹੇ ਧਰਨੇ ਉੱਤੇ ਪੰਜਾਬ ਪੁਲਿਸ ਨੇ ਸਖ਼ਤ ਕਾਰਵਾਈ ਕੀਤੀ ਹੈ। ਇਸ ਤੋਂ ਪਹਿਲਾਂ ਵੀ ਧਰਨਾ ਚੁਕਵਾਇਆ ਗਿਆ ਸੀ ਜਿਸ ਤੋਂ ਬਾਅਦ ਧਰਨਕਾਰੀਆਂ ਨੇ ਮੁੜ ਤੋਂ ਸਕੂਲ ਨੂੰ ਜਿੰਦਾ ਲਾ ਕੇ ਧਰਨਾ ਸ਼ੁਰੂ ਕਰ ਦਿੱਤਾ ਸੀ ਜਿਸ ਤੋਂ ਬਾਅਦ ਹੁਣ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਉੱਤੇ ਸਖ਼ਤ ਕਾਰਵਾਈ ਕੀਤੀ ਗਈ ਹੈ ਜਿਸ ਦੀ ਵੀਡੀਓ ਸੁਖਪਾਲ ਸਿੰਘ ਖਹਿਰਾ ਨੇ ਸੋਸ਼ਲ ਮੀਡੀਆ ਉੱਤੇ ਸਾਂਝੀ ਕੀਤੀ ਹੈ। ਸੁਖਪਾਲ ਸਿੰਘ ਖਹਿਰਾ ਨੇ ਵੀਡੀਓ ਸਾਂਝੀ ਕਰਦਿਆਂ ਲਿਖਿਆ, ਪੀਪੀਪੀ ਮੋਡ ਆਦਰਸ਼ ਸਕੂਲ ਚਾਉਕੇ ਜ਼ਿਲ੍ਹਾ ਬਠਿੰਡਾ ਜਿਨ੍ਹਾਂ ਦਾ ਚੇਅਰਮੈਨ ਮੁੱਖ ਮੰਤਰੀ ਭਗਵੰਤ ਮਾਨ ਹੈ ਇਸ ਵਿੱਚ ਪ੍ਰਾਈਵੇਟ ਭਾਈਵਾਲ ਮੈਨੇਜਮੈਂਟ ਵੱਲੋਂ ਅਧਿਆਪਕਾਂ ਨੂੰ ਪਿਛਲੇ ਸਾਲ ਤੋਂ ਤਨਖ਼ਾਹ ਨਾ ਮਿਲਣ ਤੇ ਤਨਖ਼ਾਹਾਂ ਵੱਧ ਪਾ ਕੇ ਵਾਪਸ ਕਰਾਉਣ ਭ੍ਰਿਸ਼ਟਾਚਾਰ ਦੇ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਤੇ ਅਧਿਆਪਕਾਂ ਨੂੰ ਸਕੂਲ ਦੀ ਨੌਕਰੀ ਤੋਂ ਬਾਹਰ ਕੱਢਿਆ ਗਿਆ ਮੁੱਖ ਮੰਤਰੀ ਨੂੰ ਦਰਖਾਸਤਾਂ ਦਿੱਤੀਆਂ ਗਈਆਂ ਪਰ ਉਹਨਾਂ ਦੀ ਕੋਈ ਸੁਣਵਾਈ ਨਹੀਂ ਹੋਈ ਹੁਣ ਲਗਾਤਾਰ 70 ਦਿਨਾਂ ਤੋਂ ਸਕੂਲ ਦੇ ਗੇਟ ਅੱਗੇ ਧਰਨਾ ਲਗਾ ਰਹੇ ਮਹਿਲਾ ਅਧਿਆਪਕਾਂ ਉੱਪਰ ਭਗਵੰਤ ਮਾਨ ਦੀ ਸਰਕਾਰ ਵੱਲੋਂ ਲਾਠੀ ਚਾਰਜ ਕਰਕੇ ਸੱਟਾਂ ਮਾਰੀਆਂ ਗਈਆਂ ,ਕੱਪੜੇ ਪਾੜੇ ਗਏ ,ਅੱਤੇ ਪੱਗਾਂ ਉਤਾਰੀਆਂ ਗਈਆਂ, ਗਰਭਪਤੀ ਔਰਤਾਂ ਦੇ ਢਿੱਡਾਂ ਵਿੱਚ ਲੱਤਾਂ ਮਾਰੀਆਂ ਗਈਆਂ। ਅਧਿਆਪਕਾਂ ਦਾ ਦੋਸ਼ ਹੈ ਕਿ ਸੁਖਬੀਰ ਮਾਈਸਰਖਾਨਾ ਹਲਕਾ ਮੌੜ ਵਿਧਾਇਕ ਤੇ ਵਿਜੇ ਸਿੰਗਲਾ ਵਿਧਾਇਕ ਮਾਨਸਾ ਭ੍ਰਿਸ਼ਟਾਚਾਰ ਮੈਨੇਜਮੈਂਟ ਦਾ ਸਾਥ ਦੇ ਰਿਹਾ ਹੈ। ਅਧਿਆਪਕਾਂ ਦੀ ਮੰਗ ਹੈ ਕਿ ਭ੍ਰਿਸ਼ਟਾਚਾਰ ਮੈਨੇਜਮੈਂਟ ਬਣਦੀ ਕਾਰਵਾਈ ਕਰਕੇ ਤੇ ਪੰਜਾਬ ਸਰਕਾਰ ਇਹਨਾਂ ਸਕੂਲਾਂ ਨੂੰ ਆਪਦੇ ਅੰਡਰ ਲੈ ਕੇ ਰੈਗੂਲਰ ਕਰੇ।




# Pakistan Gurdwara Yatra

**28th October to 7th November 2025**

**Yatra Includes 25+ Gurudwara Sahib Darshan.**

**Accommodation in hotels and travel within Pakistan and Yatra Start to Finish Point in AC Coaches**

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1050**

Important Note: The Jatha will depart from Jalandhar Punjab from 28th October to 7th November 2025 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1050 pounds including visa, transport, hotel stay and break fast and Dinner.

**Note: It does not include flight ticket and insurance, it has to be done by the passenger himself.**

**ਜਰੂਰੀ ਨੋਟ :** ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 28 ਅਕਤੂਬਰ ਜਲੰਧਰ ਤੋਂ 7 ਨਵੰਬਰ 2025 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਅਤੇ ਰਾਤ ਦੇ ਖਾਣੇ ਸਮੇਤ 1050 ਪੌਂਡ ਹੋਵੇਗਾ।

**ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।**

★-- ਗੁਰੂ ਪੰਥ ਦੇ ਸੇਵਾਦਾਰ --★

**ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK**

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
  +447976210161
- ਭਾਈ ਬਲਜੀਤ ਸਿਘ ਕੰਗ/Bhai Baljit Singh Kang
  +44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
  +44 7568 517223

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net

---

ਘੜੀਐ ਸਬਦੁ ਸਚੀ ਟਕਸਾਲ ॥
ਦਮਦਮੀ ਟਕਸਾਲ
ਜਥਾ ਭਿੰਡਰਾਂ (ਮਹਿਤਾ)

ਨਾਮ ਜਪੋ
ਕਿਰਤ ਕਰੋ
ਵੰਡ ਛੱਕੋ

Naam Japo
Kirat Karo
Vand Shako

www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH

**ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ**
Khande Bate di Pahul Shak Ke Guru Wale Bano

**ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ**
Join Gurbani Santhia and Gurmat Sikhia

**ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ**
Learn Kirtan Katha Kavishri and Dhadi Waran

**ਗੁਰਮੁਖੀ ਪੰਜਾਬੀ ਸਿੱਖੋ**
Learn Gurmukhi Punjabi

**ਗਤਕਾ ਸਿੱਖੋ** Learn Gatka
www.damdamitaksal.net

---


ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243


ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

---

ਦੇਗ ਤੇਗ ਫ਼ਤਿਹ – ਪੰਥ ਕੀ ਜੀਤ

ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਅਤੇ ਮਾਤਾ ਸਾਹਿਬ ਕੌਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ



ਧੰਨ-ਧੰਨ ਮਾਤਾ ਸਾਹਿਬ ਕੌਰ ਜੀ

# 29ਵਾਂ ਸਲਾਨਾ ਜੋੜ ਮੇਲਾ
# ਗੁਰਮਤਿ ਸਮਾਗਮ



ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ

## 1 ਨਵੰਬਰ 2025, ਦਿਨ ਸ਼ਨੀਵਾਰ ਨੂੰ
## ਬੱਬਰਾਂ ਦੇ ਹਾਈ ਕੋਰਟ ਗੁਰਦੁਆਰਾ ਸ਼ਹੀਦਾਂ, ਜੱਸੋਵਾਲ ਵਿਖੇ

ਬੜੀ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ।

ਲੜੀ ਅਰੰਭ ਸ੍ਰੀ ਅਖੰਡ ਪਾਠ ਸਾਹਿਬ -20 ਅਕਤੂਬਰ, ਸੋਮਵਾਰ, ਸਵੇਰੇ 10 ਵਜੇ
ਲੜੀ ਭੋਗ ਸ੍ਰੀ ਅਖੰਡ ਪਾਠ ਸਾਹਿਬ -1 ਨਵੰਬਰ, ਸ਼ਨੀਵਾਰ, ਸਵੇਰੇ 9 ਵਜੇ

ਜੋੜ ਮੇਲੇ ਵਿੱਚ ਸਿੰਘ ਸਾਹਿਬਾਨ, ਦਮਦਮੀ ਟਕਸਾਲ, ਸੰਤ ਮਹਾਂਪੁਰਸ਼, ਸੰਪਰਦਾਵਾਂ ਦੇ ਮੁਖੀ, ਨਿਹੰਗ ਸਿੰਘ ਜਥੇਬੰਦੀਆਂ, ਸ਼੍ਰੋਮਣੀ ਕਮੇਟੀ ਮੈਂਬਰ, ਨਿਰਮਲੇ, ਉਦਾਸੀ, ਧਾਰਮਿਕ, ਕਿਸਾਨ ਆਗੂ, ਹਰ ਪਾਰਟੀ ਦੇ ਸਿਆਸੀ ਲੀਡਰ, ਇੰਟਰਨੈਸ਼ਨਲ ਪੰਥਕ ਦਲ ਯੂ.ਕੇ. ਅਤੇ ਭਾਰਤ ਦੇ ਸਮੂਹ ਅਹੁਦੇਦਾਰ ਅਤੇ ਨਾਮਵਰ ਰਾਗੀ-ਢਾਡੀ-ਕਵੀਸ਼ਰ ਜਥੇ ਪਹੁੰਚ ਰਹੇ ਹਨ।

**ਨੋਟ : ਇਹ ਸਮਾਗਮ 13 ਦਿਨ ਚੱਲੇਗਾ**

ਸਮੂਹ ਸੰਗਤ ਨੂੰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਗੁਰੂ ਦੇ ਲੰਗਰ ਅਤੇ ਚਾਹ ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ।



ਬੇਨਤੀ ਕਰਤਾ

## ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ ਭਿੰਡਰਾਂ ਵਾਲੇ

ਜਾਰੀ ਕਰਤਾ : ਭਾਈ ਜਰਨੈਲ ਸਿੰਘ ਢਿੱਲੋਂ, ਬੀਬੀ ਅਰਸ਼ਪ੍ਰੀਤ ਕੌਰ 84278-66404

ਸੰਪਰਕ ਨੰਬਰ
98141-27470
84278-66404
73408-35137

ਸ੍ਰੀ ਵਾਹਿਗੁਰੂ ਜੀ ਕੀ ਫਤਿਹ

ਚਰਨ ਸ਼ਰਨ ਗੁਰ ਏਕ ਪੈਂਡਾ ਜਾਇ ਚਲ ਸਤਿਗੁਰੂ ਕੋਟਿ ਪੈਂਡਾ ਆਗੇ ਹੋਇ ਲੇਤ ਹੈ ॥

ਮਨੁੱਖਤਾ ਦੇ ਰਹਿਬਰ ਤਾਰਨਹਾਰ ਜਗਤ ਗੁਰੂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ

# ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ. ਕੇ.

## ਵੱਲੋਂ ਪਾਕਿਸਤਾਨ ਦੇ ਇਤਿਹਾਸਕ ਸਿੱਖ ਗੁਰਦੁਆਰਾ ਸਾਹਿਬਾਨ ਦੀ ਯਾਤਰਾ

## 28 ਅਕਤੂਬਰ 2025 ਤੋਂ 7 ਨਵੰਬਰ 2025 ਤੱਕ ਹੋਵੇਗੀ



### ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਵੱਲੋਂ ਇੱਕ ਵਿਸ਼ਾਲ ਜਥੇ ਸਮੇਤ ਪਾਕਿਸਤਾਨ ਵਿਖੇ ਸਿੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕੀਤੀ ਜਾ ਰਹੀ ਹੈ। ਹਰ ਸਿੱਖ ਆਪਣੀ ਅਰਦਾਸ ਵਿੱਚ ਪੰਥ ਤੋਂ ਵਿਛੜੇ ਹੋਏ ਜਿਨ੍ਹਾਂ ਗੁਰਦੁਆਰਾ ਸਾਹਿਬਾਨ ਦਾ ਜ਼ਿਕਰ ਕਰਦਾ ਹੈ ਉਹਨਾਂ ਦੇ ਦਰਸ਼ਨ ਦੀਦਾਰੇ ਕਰਕੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਨਨਕਾਣਾ ਸਾਹਿਬ ਦੀ ਧਰਤੀ ਤੇ ਮਨਾਉਣ ਦੀਆਂ ਤਿਆਰੀਆਂ ਹੁਣ ਤੋਂ ਹੀ ਆਰੰਭ ਕਰਕੇ ਪਰਿਵਾਰਾਂ ਸਮੇਤ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਾਉਣ ਲਈ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਨਾਲ ਸੰਪਰਕ ਕਰੋ ਜੀ।

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1050**

**Important Note:** The Jatha will depart from Jalandhar Punjab from 28th October to 7th November 2025 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1050 pounds including visa, transport, hotel stay and break fast and Dinner.

**Note: It does not include flight ticket and insurance, it has to be done by the passenger himself.**

**ਜ਼ਰੂਰੀ ਨੋਟ :** ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 28 ਅਕਤੂਬਰ ਜਲੰਧਰ ਤੋਂ 7 ਨਵੰਬਰ 2025 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਅਤੇ ਰਾਤ ਦੇ ਖਾਣੇ ਸਮੇਤ 1050 ਪੌਂਡ ਹੋਵੇਗਾ।

**ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।**

## ਯਾਤਰਾ ਦੌਰਾਨ ਰਿਹਾਇਸ਼ ਦਾ ਪ੍ਰਬੰਧ ਲਗਜ਼ਰੀ ਹੋਟਲ ਵਿੱਚ ਹੋਵੇਗਾ।

ਬ੍ਰਿਟਿਸ਼ ਪਾਸਪੋਰਟ ਲਈ 2 ਫੋਟੋ ਅਤੇ ਇੰਡੀਅਨ ਪਾਸਪੋਰਟ ਵਾਲੇ 2 ਫੋਟੋ, ਐਪਲੀਕੇਸ਼ਨ ਫਾਰਮ ਨਾਲ ਭੇਜੀਆਂ ਜਾਣ।

☛ ਯਾਤਰੀ ਆਪਣੇ ਨਾਮ ਛੇਤੀ ਤੋਂ ਛੇਤੀ ਦਿੱਤੇ ਗਏ ਨੰਬਰਾਂ ’ਤੇ ਨਾਮ ਲਿਖਵਾਉਣ ਦੀ ਕ੍ਰਿਪਾਲਤਾ ਕਰਨ।

☛ ਯਾਤਰੀਆਂ ਦੇ ਪਾਸਪੋਰਟ ਦੀ ਮਿਆਦ ਅਗਲੇ ਸਾਲ ਜੂਨ ਮਹੀਨੇ ਤੱਕ ਜ਼ਰੂਰੀ ਹੈ।

**ਪ੍ਰੋਗਰਾਮ ਵਿੱਚ ਅਦਲਾ-ਬਦਲੀ ਕਰਨ ਦੇ ਪ੍ਰਬੰਧਕਾਂ ਦੇ ਹੱਕ ਰਾਖਵੇਂ ਹਨ।**

**BOOK YOUR SEATS NOW**

✶-- ਗੁਰੂ ਪੰਥ ਦੇ ਸੇਵਾਦਾਰ --✶

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

• ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
+447976210161

• ਭਾਈ ਬਲਜੀਤ ਸਿੰਘ ਕੰਗ/Bhai Baljit Singh Kang
+44 7780 605230

• ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
+44 7568 517223

Website : www.nsycuk.com
E-mail : gnstuk@hotmail.com

ਆਵਾਜ਼ਿ ਕੌਮ AWAZE QAUM International Newspaper & WEB TV







ਪੰਥ ਬਚਾਓ ਪੰਜਾਬ ਬਚਾਓ

## ਉੱਠੋ ! ਜਾਗੋ ! ਹੰਭਲਾ ਮਾਰੋ, ਆਪਣਾ ਦੇਸ਼ ਪੰਜਾਬ ਸਵਾਰੋ

## ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਪੰਥ ਅਤੇ ਪੰਜਾਬ ਨੂੰ ਬਚਾਉਣ ਦੀ ਅਪੀਲ

### ਪੰਜਾਬ ਦੇ ਸੂਝਵਾਨ ਅਤੇ ਸੋਚਵਾਨ ਭੈਣੋਂ ਅਤੇ ਭਰਾਵੋ

ਅੱਜ ਪੰਥ ਅਤੇ ਪੰਜਾਬ ਦੀ ਜੋ ਦੁਰਦਸ਼ਾ ਧਾਰਮਿਕ ਅਤੇ ਸਿਆਸੀ ਲੋਕਾਂ ਨੇ ਕੀਤੀ ਹੈ, ਇਸ ਤੋਂ ਤੁਸੀਂ ਭਲੀ ਭਾਂਤ ਜਾਣੂ ਹੋ। ਇਹਨਾਂ ਸਮੱਸਿਆਵਾਂ ਨੂੰ ਸੁਲਝਾਉਣ ਲਈ ਪੰਜਾਬ ਦਾ ਦਰਦ ਰੱਖਣ ਵਾਲੇ ਲੋਕਾਂ ਨੇ ਵਾਰਿਸ ਪੰਜਾਬ ਦੇ ਬਣ ਕੇ ਤੁਹਾਡਾ ਸਹਿਯੋਗ ਮੰਗਿਆ ਹੈ, ਕਿ ਆਉ ਰਲ ਕੇ ਬੈਠੀਏ ਤੇ ਸਮੱਸਿਆਵਾਂ ਨੂੰ ਹੱਲ ਕਰਨ ਦੇ ਯਤਨ ਕਰੀਏ। ਇਹ ਇਕੱਲੇ ਜਾਂ ਦੋ ਚਾਰਾ ਬੰਦਿਆ ਦਾ ਕੰਮ ਨਹੀਂ ਬਲਕਿ ਸਮੁੱਚੇ ਪੰਜਾਬ ਨੂੰ 'ਪੰਜਾਬ ਦਾ ਵਾਰਿਸ' ਬਣਨਾ ਪਵੇਗਾ । ਇਸ ਲਈ ਅਪੀਲ ਕਰਦੇ ਹਾਂ ਕਿ ਹੇਠ ਲਿਖੇ ਮੁੱਦਿਆਂ ਤੇ ਇੱਕ ਮੱਤ ਹੋ ਕੇ ਇਹਨਾਂ ਨੂੰ ਸੁਲਝਾਉਣ ਦਾ ਯਤਨ ਕਰੀਏ ਅਤੇ ਹਰੇਕ ਪੰਜਾਬ ਵਾਸੀ ਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਜੋ ਵੀ ਵਿਚਾਰ 'ਪੰਥ ਅਤੇ ਪੰਜਾਬ' ਨੂੰ ਬਚਾਉਣ ਲਈ ਉਹਨਾਂ ਦੇ ਜ਼ਿਹਨ ਵਿੱਚ ਆਉਂਦੇ ਹਨ ਉਹ 14 ਅਪ੍ਰੈਲ 2025 ਵਿਸਾਖੀ ਵਾਲੇ ਦਿਨ 'ਤਖ਼ਤ ਸ੍ਰੀ ਦਮਦਮਾ ਸਾਹਿਬ', ਤਲਵੰਡੀ ਸਾਬੋ ਵਿਖੇ ਕਾਨਫ਼ਰੰਸ ਵਿੱਚ ਸ਼ਾਮਿਲ ਹੋ ਕੇ ਲਿਖਤੀ ਰੂਪ ਵਿੱਚ ਦੇਵੋ ਜੀ।

### ਧਾਰਮਿਕ ਮਸਲੇ :-

1. ਅਕਾਲ ਤਖ਼ਤ ਸਾਹਿਬ ਦੀ ਸਰਵ ਉੱਚਤਾ
2. ਸ਼੍ਰੋਮਣੀ ਕਮੇਟੀ ਦੀ ਬਣਤਰ
3. ਸਿੱਖ ਵਿੱਦਿਅਕ ਬੋਰਡ
4. ਸਿੰਘ ਸਹਿਬਾਨਾਂ ਦੀ ਨਿਯੁਕਤੀ ਅਤੇ ਸੇਵਾ ਮੁਕਤੀ
5. ਸ਼੍ਰੋਮਣੀ ਕਮੇਟੀ ਦੇ ਕਾਰਜ
6. ਬੰਦੀ ਸਿੰਘਾਂ ਦੀ ਰਿਹਾਈ
7. ਬੇਅਦਬੀ ਘਟਨਾਵਾਂ ਦੀ ਰੋਕ ਅਤੇ ਇਨਸਾਫ਼
8. ਪੰਜਾਬ ਤੋਂ ਬਾਹਰ ਦੇ ਗੁਰੂਦੁਆਰਿਆਂ ਦੀ ਸਾਂਭ ਸੰਭਾਲ



### ਪੰਜਾਬ ਦੇ ਮਸਲੇ :-

1. ਨਸ਼ਿਆਂ ਤੋਂ ਮੁਕਤੀ ਲਈ ਸੁਝਾਅ
2. ਬੇਰੁਜ਼ਗਾਰੀ, ਸਵੈ-ਰੁਜ਼ਗਾਰੀ ਦੇ ਪ੍ਰਬੰਧ
3. ਕਿਸਾਨੀ ਪੈਦਾਵਾਰ, ਫਸਲੀ ਵਿਭਿੰਨਤਾ ਅਤੇ ਮੰਡੀਕਰਨ
4. ਵਿੱਦਿਆ ਦਾ ਪ੍ਰਬੰਧ
5. ਜਨਤਕ ਸਿਹਤ ਦਾ ਸਮੁੱਚਾ ਪ੍ਰਬੰਧ
6. ਲਾਲ ਲਕੀਰ ਮੰਦਰ ਆਉਂਦੀ ਜਾਇਦਾਦ ਦੀ ਮਲਕੀਅਤ
7. ਲੋਕ ਸੁੱਰਖਿਆ, ਫਿਰੌਤੀਆਂ ਰੋਕਣ ਦਾ ਪ੍ਰਬੰਧ
8. ਖੇਤੀ ਸਿੰਚਾਈ ਢਾਂਚਾ
9. ਧਰਤੀ ਹੇਠ ਖਤਮ ਹੋ ਰਹੇ ਪਾਣੀ ਦਾ ਪ੍ਰਬੰਧ
10. ਕਿਸਾਨ ਖ਼ੁਦਕੁਸ਼ੀ ਅਤੇ ਕਰਜ਼ਾ ਮੁਕਤੀ
11. ਉਦਯੋਗ ਵਿਕਾਸ
12. ਬਿਜਲੀ ਪ੍ਰਬੰਧ
13. ਵਾਤਾਵਰਣ ਪ੍ਰਦੂਸ਼ਨ
14. ਪੰਜਾਬ ਤੋਂ ਵਿਦੇਸ਼ਾਂ ਵਿੱਚ ਪ੍ਰਵਾਸ ਅਤੇ ਪੰਜਾਬ ਵਿੱਚ ਦੂਜੇ ਰਾਜਾਂ ਤੋਂ ਪ੍ਰਵਾਸ
15. ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕੇ
16. ਰਾਜਾਂ ਦੇ ਵੱਧ ਅਧਿਕਾਰ
17. ਪੰਜਾਬ ਦੀ ਆਰਥਿਕ ਵਿਵਸਥਾ
18. ਸਹਿਕਾਰਤਾ ਖੇਤਰ ਦਾ ਵਿਕਾਸ
19. ਪੀਣ ਵਾਲੇ ਸ਼ੁੱਧ ਪਾਣੀ ਦਾ ਪ੍ਰਬੰਧ
20. ਅੰਤਰ-ਰਾਜੀ ਜਲ ਸਮਝੌਤੇ
21. ਪੰਜਾਬੀ ਬੋਲੀ ਅਤੇ ਸੱਭਿਆਚਾਰ
22. ਖਾਣ ਪੀਣ ਦੀਆਂ ਵਸਤਾਂ ਵਿੱਚ ਮਿਲਾਵਟ ਖੋਰੀ
23. ਪਿੰਡਾਂ ਅਤੇ ਸ਼ਹਿਰਾਂ ਦੇ ਗੰਦੇ ਪਾਣੀ ਦਾ ਨਿਕਾਸ
24. ਧਰਤੀ ਹੇਠ ਪ੍ਰਦੂਸ਼ਿਤ ਹੋ ਰਿਹਾ ਪਾਣੀ ਅਤੇ ਦਰਿਆਵਾਂ, ਨਹਿਰਾਂ ਵਿੱਚ ਪੈ ਰਹੇ ਪ੍ਰਦੂਸ਼ਿਤ ਪਾਣੀ ਦਾ ਟਰੀਟਮੈਂਟ ਪਲਾਂਟ ਪ੍ਰਬੰਧ
25. ਹੁਸੈਨੀ ਵਾਲਾ ਅਤੇ ਵਾਹਗਾ ਬਾਡਰ ਰਾਹੀਂ ਖੁੱਲ੍ਹਾ ਵਪਾਰ
26. ਮਨਰੇਗਾ ਵਿੱਚ ਰੋਜ਼ਗਾਰ ਦੇ ਵਿਸਥਾਰ ਬਾਰੇ



ਆਵਾਜ਼ਿ ਕੌਮ AWAZE QAUM International Newspaper & WEB TV

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥ ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥

# ਪਾਠ ਦਾ ਭੋਗ ਅਤੇ ਸ਼ਰਧਾਂਜਲੀ ਸਮਾਗਮ 4 ਅਪ੍ਰੈਲ ਨੂੰ



## ਭਾਈ ਮਹਿਲ ਸਿੰਘ ਜੀ ਬੱਬਰ

**ਵਾਹਿਗੁਰੂ ਜੀ ਕਾ ਖਾਲਸਾ**
**ਵਾਹਿਗੁਰੂ ਜੀ ਕੀ ਫਤਿਹ**

ਸਮੂਹ ਭਰਾਵਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਜੀ ਨੂੰ ਪਤਾ ਹੀ ਹੈ ਕਿ ਸਾਡੇ ਸਤਿਕਾਰ ਯੋਗ ਭਾਈ ਮਹਿਲ ਸਿੰਘ ਜੀ ਬੱਬਰ ਜੋ ਕੌਮੀ ਘਰ ਖਾਲਿਸਤਾਨ ਦੀ ਪ੍ਰਾਪਤੀ ਲਈ ਆਪਣੀ ਸਾਰੀ ਜਿੰਦਗੀ ਕੌਮ ਦੇ ਲੇਖੇ ਲਾ ਕੇ ਆਪਣੇ ਆਖਰੀ ਸਵਾਸ ਪੂਰੇ ਕਰਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ ਲੰਮਾ ਸਮਾਂ ਜਲਾਵਤੀ ਕੱਟੀ ਪਿੱਛੇ ਪਰਿਵਾਰ ਨੇ ਜਾਲਮ ਪੁਲਿਸ ਦਾ ਭਾਰੀ ਤਸੱਦਦ ਝੱਲਿਆਂ ਪਰ ਉਹਨਾਂ ਪਿੱਛੇ ਪਰਤ ਕੇ ਨਹੀਂ ਵੇਖਿਆ ਆਪਣੇ ਭਰਾਂ ਸ਼ਹੀਦ ਭਾਈ ਸੁਖਦੇਵ ਸਿੰਘ ਬੱਬਰ ਜਥੇਦਾਰ ਬੱਬਰ ਖਾਲਾਸਾ ਨੇ ਸ਼ਹਾਦਤ ਦਿੱਤੀ ਇਹੋ ਜਹੇ ਮਹਾਨ ਸੂਰਬੀਰ ਯੋਧੇ ਦੀ ਕੁਰਬਾਨੀ ਨੂੰ ਸਿਰ ਝੁਕਦਾ ਹੈ ਉਹਨਾਂ ਦੀ ਆਤਮਿਕ ਸ਼ਾਂਤੀ ਲਈ ਗੁਰੂ ਘਰ ਗੁਰਦਵਾਰਾ ਸਿੰਘ ਸਭਾ ਬੋਬੀਨੀ ਵਿਖੇ ਪ੍ਰਬੰਧਕ ਕਮੇਟੀ ਅਤੇ ਸਮੂੰਹ ਸੰਗਤਾਂ ਵਲੋਂ ਦਿਨ ਸ਼ੁਕਰਵਾਰ 4 ਅਪ੍ਰੈਲ ਨੂੰ 11 ਵਜੇ ਅਖੰਡਪਾਠ ਸਾਹਿਬ ਆਰੰਭ ਹੋਣਗੇ 6 ਅਪ੍ਰੈਲ ਦਿਨ ਐਤਵਾਰ ਨੂੰ ਭੋਗ ਉਪਰੰਤ ਅਰਦਾਸ ਬੇਨਤੀ ਕੀਰਤਨ ਅਤੇ ਸ਼ਰਧਾਜਲੀ ਸਮਾਗਮ ਵਿੱਚ ਪੰਥਕ ਬੁਲਾਰਿਆ ਵਲੋਂ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਣਗੇ ਸਮੂੰਹ ਸੰਗਤਾਂ ਨੂੰ ਬੇਨਤੀ ਹੈ ਕਿ ਤਿੰਨੇ ਦਿਨ ਗੁਰੂ ਘਰ ਹਾਜ਼ਰੀ ਭਰਨੀ ਜੀ ਵਾਹਿਗੁਰੂ ਭਾਈ ਸਾਹਿਬ ਦੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਜੀ।

ਆਵਾਜ਼ਿ ਕੌਮ AWAZE QAUM International Newspaper & WEB TV


ੴ ਸਤਿਗੁਰ ਪ੍ਰਸਾਦਿ ॥
ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ
ਪ੍ਰਗਟਿਓ ਖਾਲਸਾ ਅਤੇ ਵਿਸਾਖੀ ਦੇ ਦਿਹਾੜੇ ਨੂੰ ਸਮਰਪਿਤ
ਕਥਾ ਕੀਰਤਨ ਦਰਬਾਰ
ਮਿਤੀ 4, 5, 6, 7, 8 ਅਪ੍ਰੈਲ 2025 ਸਮਾਂ ਸ਼ਾਮ 6 ਵਜੇ ਤੋਂ ਰਾਤ 10 ਵਜੇ ਤੱਕ
ਪਿੰਡ ਮੜੌਲੀ ਕਲਾਂ (ਸ਼ਹਿਰ ਮੋਰਿੰਡਾ)
ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਜੀ
ਤਖ਼ਤ ਸ੍ਰੀ ਕੇਸਗੜ੍ਹ ਸਾਹਿਬ
ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ
ਸਾਬਕਾ ਜਥੇਦਾਰ
ਸੰਤ ਬਾਬਾ ਗੁਰਦਿਆਲ ਸਿੰਘ ਜੀ
ਟਾਂਡੇ ਵਾਲੇ
ਜਥੇਦਾਰ ਬਾਬਾ ਬਲਜੀਤ ਸਿੰਘ ਜੀ
ਦਾਦੂਵਾਲ ਸਾਹਿਬ
ਬਾਬਾ ਗੁਲਾਬ ਸਿੰਘ ਜੀ
ਸ੍ਰੀ ਚਮਕੌਰ ਸਾਹਿਬ
ਭਾਈ ਸੁਰਿੰਦਰਪਾਲ ਸਿੰਘ ਸੋਢੀ
ਮੋਰਿੰਡੇ ਵਾਲੇ
ਬੇਨਤੀ ਕਰਤਾ: ਦਾਸ ਸੁਰਿੰਦਰਪਾਲ ਸਿੰਘ ਸੋਢੀ (ਮੋਰਿੰਡੇ ਵਾਲੇ) ਅਤੇ ਸਮੂਹ ਨਗਰ ਨਿਵਾਸੀ ਸਾਧ ਸੰਗਤ ਪਿੰਡ ਮੜੌਲੀ ਕਲਾਂ 84373-90114


ਪੰਥ ਰਤਨ ਸਵ: ਜਥੇਦਾਰ
ਗੁਰਚਰਨ ਸਿੰਘ ਟੌਹੜਾ ਜੀ
ਦੀ 21ਵੀਂ ਬਰਸੀ
ਸਮਾਂ: ਸਵੇਰੇ 9:00 ਤੋਂ 11:00 ਵਜੇ
1 ਅਪ੍ਰੈਲ 2025, ਦਿਨ ਮੰਗਲਵਾਰ
ਸਥਾਨ: ਅਨਾਜ ਮੰਡੀ, ਪਿੰਡ ਟੌਹੜਾ
ਆਪ ਜੀ ਨੂੰ ਬੇਨਤੀ ਹੈ ਕਿ ਆਪਣੇ ਮਰਹੂਮ ਲੀਡਰ ਨੂੰ ਸ਼ਰਧਾ ਅਤੇ ਸਤਿਕਾਰ ਦੇਣ ਲਈ ਪਹੁੰਚੋ ਜੀ
ਵੱਲੋਂ: ਸਮੂਹ ਟੌਹੜਾ ਪਰਿਵਾਰ, ਸਮੂਹ ਨਗਰ ਪੰਚਾਇਤ ਪਿੰਡ ਟੌਹੜਾ ਅਤੇ ਨਗਰ ਨਿਵਾਸੀ ਪਿੰਡ ਟੌਹੜਾ

# ਭਾਈ ਸੁਰਿੰਦਰ ਸਿੰਘ ਠੀਕਰੀਵਾਲਾ ਦੀਂ ਕਿਤਾਬ "ਜੰਗੀ ਯੋਧੇ"




ਸਿੱਖ ਸੰਘਰਸ਼ ਵਿੱਚ ਸ਼ਹਾਦਤ ਦੇਣ ਵਾਲੇ ਜੁਝਾਰੂ ਸਿੰਘਾਂ ਦੇ ਜੀਵਨ 'ਤੇ ਅਧਾਰਿਤ ਭਾਈ ਸੁਰਿੰਦਰ ਸਿੰਘ ਠੀਕਰੀਵਾਲਾ ਦੀਂ ਕਿਤਾਬ

## "ਜੰਗੀ ਯੋਧੇ"

ਪੰਜਾਬ ਦੇ ਵੱਖ-ਵੱਖ ਸਮਾਗਮਾਂ, ਕਬੱਡੀ ਟੂਰਨਾਮੈਂਟਾ 'ਤੇ ਭੇਟਾ ਰਹਿਤ ਵੰਡੀ ਜਾ ਰਹੀ ਹੈ, ਖਾੜਕੂ ਸੰਘਰਸ਼ ਨਾਲ ਜੁੜੀ ਇਹ ਪਹਿਲੀ ਕਿਤਾਬ ਹੈ ਜੋ ਭੇਟਾ ਰਹਿਤ ਵੰਡੀ ਜਾ ਰਹੀ ਹੈ।

ਗੁਰੂ ਗ੍ਰੰਥ ਪੰਥ ਦੇ ਦਾਸ

**ਜੱਥੇਦਾਰ ਸੁਰਿੰਦਰ ਸਿੰਘ ਠੀਕਰੀਵਾਲ**
**+17348928498**

--✶ ਜਾਰੀ ਕਰਤਾ ✶--

ਭਾਈ ਪ੍ਰਗਟ ਸਿੰਘ ਜਰਮਨੀ ,ਭਾਈ ਗੁਰਲਾਲ ਸਿੰਘ ਦੁਬਈ ,ਭਾਈ ਜਸਕਰਨ ਸਿੰਘ ਜਪਾਨ ,ਭਾਈ ਮਨਦੀਪ ਸਿੰਘ ਪੁਰਤਗਾਲ ,ਭਾਈ ਨਿਸ਼ਾਨ ਸਿੰਘ ਕਨੇਡਾ ,ਭਾਈ ਵਸਾਵਾਂ ਸਿੰਘ ਯੂ ਐਸ ਏ ,ਭਾਈ ਰਣਬੀਰ ਸਿੰਘ ਭੰਗੂ ,ਭਾਈ ਪਰਮਿੰਦਰ ਸਿੰਘ ਗੜ੍ਹਾਗਾ ਖੇੜੀ, ਭਾਈ ਮਨਿਦਰ ਸਿੰਘ ਦੁਬਈ, ਪੰਕਜ ਕੁਮਾਰ ਜਰਮਨੀ ,ਭਾਈ ਨਵਦੀਪ ਸਿੰਘ ਮਿਲਵਾਕੀ , ਮਲਕੀਤ ਸਿੰਘ ਔਲਖ , ਸੁਖਬੀਰ ਸਿੰਘ ਬੱਗਾ ਯੂ ਐਸ ਏ ,ਅਮਿਤ ਕੁਮਾਰ ਯੂ ਐਸ ਏ , ਗੋਵਿੰਦ ਸਿੰਘ ਟੈਕਸਸ

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ

# ਅਪੀਲ

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਯੋਗਤਾ, ਨਿਯੁਕਤੀ, ਕਾਰਜ ਖੇਤਰ, ਜ਼ਿੰਮੇਵਾਰੀਆਂ ਤੇ ਸੇਵਾ ਮੁਕਤੀ ਸਬੰਧੀ ਨਿਯਮਾਵਲੀ ਬਣਾਉਣ ਲਈ ਸਿੱਖ ਪੰਥ ਦੀਆਂ ਸਮੂਹ ਜਥੇਬੰਦੀਆਂ, ਦਮਦਮੀ ਟਕਸਾਲ, ਨਿਹੰਗ ਸਿੰਘ ਦਲਾਂ, ਆਲਮੀ ਸਿੱਖ ਸੰਸਥਾਵਾਂ, ਸਿੰਘ ਸਭਾਵਾਂ, ਦੀਵਾਨਾਂ, ਸਭਾ ਸੁਸਾਇਟੀਆਂ ਅਤੇ ਦੇਸ਼ ਵਿਦੇਸ਼ ਵਿਚ ਵੱਸਦੇ ਸਿੱਖ ਵਿਦਵਾਨਾਂ ਤੇ ਬੁੱਧੀਜੀਵੀਆਂ ਨੂੰ ਆਪਣੇ ਸੁਝਾਅ ਭੇਜਣ ਦੀ ਅਪੀਲ ਕੀਤੀ ਜਾਂਦੀ ਹੈ।

ਇਹ ਸੁਝਾਅ 20 ਅਪ੍ਰੈਲ 2025 ਤਕ ਸ਼੍ਰੋਮਣੀ ਕਮੇਟੀ ਪਾਸ ਦਸਤੀ ਰੂਪ ਵਿਚ ਜਾਂ ਅਧਿਕਾਰਤ ਈਮੇਲ info@sgpc.net ਅਤੇ ਵੱਟਸਐਪ ਨੰਬਰ 7710136200 'ਤੇ ਭੇਜੇ ਜਾਣ।

# ਸੰਤ ਬਾਬਾ ਅਜੈਬ ਸਿੰਘ ਜੀ ਦੀ



ਸਚਖੰਡ ਵਾਸੀ ਸੰਤ ਬਾਬਾ ਅਜੈਬ ਸਿੰਘ ਜੀ ਕਾਰ ਸੇਵਾ

## ਪਹਿਲੀ ਬਰਸੀ 1 ਅਪ੍ਰੈਲ ਦਿਨ ਮੰਗਲਵਾਰ ਨੂੰ

ਗੁਰਦੁਆਰਾ ਟਾਹਲੀ ਸਾਹਿਬ ਵਿਖੇ ਸੰਤ ਬਾਬਾ ਸਰਦਾਰਾ ਸਿੰਘ ਜੀ ਦੀ ਅਗਵਾਈ ਹੇਠ ਸਚਖੰਡ ਵਾਸੀ ਸੰਤ ਬਾਬਾ ਅਜੈਬ ਸਿੰਘ ਜੀ ਕਾਰ ਸੇਵਾ ਵਾਲਿਆਂ ਦੀ ਪਹਿਲੀ ਬਰਸੀ ਅਤੇ ਸ੍ਰੀ ਮਾਨ ਸੰਤ ਬਾਬਾ ਹਜਾਰਾ ਸਿੰਘ ਜੀ, ਸੰਤ ਬਾਬਾ ਨਿਰੰਜਣ ਸਿੰਘ, ਸੰਤ ਬਾਬਾ ਕਸ਼ਮੀਰ ਸਿੰਘ ਜੀ ਯਾਦ ਵਿੱਚ ਗੁਰਦੁਆਰਾ ਟਾਹਲੀ ਸਾਹਿਬ ਵਿਖੇ 1 ਅਪ੍ਰੈਲ 2025 ਦਿਨ ਮੰਗਲਵਾਰ ਨੂੰ ਬੜੀ ਸ਼ਰਧਾ ਭਾਵਨਾ ਨਾਲ ਮਨਾਈ ਜਾ ਰਹੀ ਹੈ, ਜਿਸ ਵਿੱਚ ਰਾਗੀ, ਢਾਡੀ, ਕਵੀਸ਼ਰੀ ਜੱਥੇ ਗੁਰਮੱਤ ਵਿਚਾਰ ਦੀ ਸਂਝ ਪਾਉਣਗੇ ਅਤੇ ਸੰਤ ਮਹਾਂਪੁਰਖ, ਨਿਹੰਗ ਸਿੰਘ, ਸਮਾਜ ਸੇਵੀ ਅਤੇ ਦੇਸ਼-ਵਿਦੇਸ਼ ਦੀਆਂ ਸੰਗਤਾਂ ਹਾਜ਼ਰੀਆ ਭਰਨਗੀਆਂ।



ਸੰਤ ਬਾਬਾ ਸਰਦਾਰਾਂ ਸਿੰਘ ਜੀ ਅਤੇ ਜਥੇਦਾਰ ਸੰਤ ਬਾਬਾ ਮੇਜਰ ਸਿੰਘ ਜੀ ਟਾਹਲੀ ਸਾਹਿਬ ਵਾਲਿਆਂ ਵੱਲੋਂ ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਹਾਜ਼ਰੀਆ ਭਰਕੇ ਗੁਰੂ ਸਾਹਿਬ ਜੀ ਦੀਆਂ ਖੁਸ਼ੀਆ ਪ੍ਰਾਪਤ ਕਰਨ। ਗੁਰੂ ਜੀ ਦੇ ਲੰਗਰ ਅਟੁੱਟ ਵਰਤਣਗੇ।



--★ ਜਾਰੀ ਕਰਤਾ ★--

## ਬਾਬਾ ਸੁਖਵੰਤ ਸਿੰਘ ਚੰਨਣਕੇ
## ਚੌਕ ਮਹਿਤਾ

ਆਵਾਜ਼ਿ ਕੌਮ AWAZE QAUM
International Newspaper & WEB TV

ਦਿੱਲੀ ਸਰਕਾਰ ਪ੍ਰੋ. ਭੁੱਲਰ ਨੂੰ

# ਖ਼ਾਲਸਾ ਸਾਜਣਾ ਦਿਵਸ ਤੋਂ ਪਹਿਲਾਂ ਰਿਹਾਅ ਕਰੇ : ਪ੍ਰੋ. ਸਰਚਾਂਦ ਸਿੰਘ ਖਿਆਲਾ



**ਅੰਮ੍ਰਿਤਸਰ 31 ਮਾਰਚ (ਆਵਾਜ਼ਿ ਕੌਮ ਬਿਊਰੋ)-** ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸੂਬਾ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਦਿੱਲੀ ਦੇ ਮੁੱਖ ਮੰਤਰੀ ਸ੍ਰੀਮਤੀ ਰੇਖਾ ਗੁਪਤਾ ਤੋਂ ਸਿੱਖ ਕੈਦੀ ਪ੍ਰੋ. ਦਵਿੰਦਰ ਪਾਲ ਸਿੰਘ ਭੁੱਲਰ ਦੀ ਖ਼ਾਲਸਾ ਸਿਰਜਣਾ ਦਿਵਸ, ਵਿਸਾਖੀ ਤੋਂ ਪਹਿਲਾਂ ਰਿਹਾਅ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਪ੍ਰੋਫੈਸਰ ਭੁੱਲਰ ਪਹਿਲਾਂ ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਬੰਦ ਰਿਹਾ ਅਤੇ ਹੁਣ ਉਹ ਪਿਛਲੇ 13 ਸਾਲਾਂ ਤੋਂ ਅੰਮ੍ਰਿਤਸਰ ਕੇਂਦਰੀ ਜੇਲ੍ਹ ਵਿੱਚ ਬੰਦ ਹੈ ਅਤੇ ਸਿਹਤ ਠੀਕ ਨਾ ਹੋਣ ਕਾਰਨ ਜ਼ੇਰੇ ਇਲਾਜ ਹੈ। ਉਹ ਹੁਣ ਤੱਕ 29 ਸਾਲ ਜੇਲ੍ਹ ਵਿੱਚ ਬਿਤਾ ਚੁੱਕਾ ਹੈ। ਪ੍ਰੋ. ਭੁੱਲਰ ਦੇ ਜੇਲ੍ਹ ਰਿਕਾਰਡ ਵਿੱਚ ਕੋਈ ਨਕਾਰਾਤਮਿਕ ਟਿੱਪਣੀ ਨਹੀਂ ਹੈ। ਇਸ ਲਈ, ਪ੍ਰੋਫੈਸਰ ਭੁੱਲਰ, ਹੁਣ ਜਲਦੀ ਰਿਹਾਈ ਦਾ ਹੱਕਦਾਰ ਹੈ।

> ☛ ਕੇਜਰੀਵਾਲ ਸਰਕਾਰ 29 ਸਾਲਾਂ ਤੋਂ ਕੈਦ ਤੇ ਜੇਰੇ ਇਲਾਜ ਪ੍ਰੋ. ਭੁੱਲਰ ਦੀ ਰਿਹਾਈ ਦਾ ਸਿਹਰਾ ਨਹੀਂ ਲੈ ਸਕੀ, ਹੁਣ ਭਾਜਪਾ ਸਰਕਾਰ ਮਾਨਵੀ ਅਧਾਰ 'ਤੇ ਤੁਰੰਤ ਫ਼ੈਸਲਾ ਲਵੇ ☛ ਦਿੱਲੀ ਦੇ ਲੈਫ਼ਟੀਨੈਂਟ ਗਵਰਨਰ ਵੀਕੇ ਸਕਸੈਨਾ ਅਤੇ ਸਿੱਖ ਕੈਬਨਿਟ ਮੰਤਰੀ ਮਨਜਿੰਦਰ ਸਿੰਘ ਸਿਰਸਾ ਨੂੰ ਵੀ ਦਖ਼ਲ ਦੇਣ ਲਈ ਕਿਹਾ

ਮੁੱਖ ਮੰਤਰੀ ਤੋਂ ਇਲਾਵਾ ਦਿੱਲੀ ਦੇ ਲੈਫ਼ਟੀਨੈਂਟ ਗਵਰਨਰ ਵੀਕੇ ਸਕਸੈਨਾ ਅਤੇ ਸਿੱਖ ਕੈਬਨਿਟ ਮੰਤਰੀ ਮਨਜਿੰਦਰ ਸਿੰਘ ਸਿਰਸਾ ਨੂੰ ਵੀ ਦਖ਼ਲ ਦੇਣ ਲਈ ਭੇਜੇ ਗਏ ਪੱਤਰ ਵਿਚ ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਪਿਛਲੀ ਅਰਵਿੰਦ ਕੇਜਰੀਵਾਲ ਸਰਕਾਰ ਪ੍ਰੋ. ਭੁੱਲਰ ਦੀ ਰਿਹਾਈ ਦਾ ਸਿਹਰਾ ਨਹੀਂ ਲੈ ਸਕੀ। ਹੁਣ ਦਿੱਲੀ ਦੇ ਲੋਕਾਂ ਨੇ, ਜਿਸ ਵਿੱਚ ਵੱਡੀ ਗਿਣਤੀ ਵਿੱਚ ਪੰਜਾਬੀਆਂ ਅਤੇ ਸਿੱਖਾਂ ਦੀ ਆਬਾਦੀ ਹੈ, ਨੇ ਦਿੱਲੀ ਵਿੱਚ ਭਾਰਤੀ ਜਨਤਾ ਪਾਰਟੀ ਵਿੱਚ ਵਿਸ਼ਵਾਸ ਪ੍ਰਗਟ ਕੀਤਾ ਹੈ ਅਤੇ ਇਸ ਨੂੰ ਜਿੱਤ ਦਿਵਾਈ ਹੈ।ਉਨ੍ਹਾਂ ਉਮੀਦ ਜਤਾਈ ਹੈ ਕਿ ਮੌਜੂਦਾ ਦਿੱਲੀ ਸਰਕਾਰ, ਰਾਜਨੀਤਿਕ ਇੱਛਾ ਸ਼ਕਤੀ ਅਤੇ ਮਾਨਵੀ ਆਧਾਰ 'ਤੇ ਫ਼ੈਸਲਾ ਲੈਂਦਿਆਂ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਦੁਆਰਾ 2019 ਵਿੱਚ ਜਾਰੀ ਕੀਤੇ ਗਏ ਨੋਟੀਫ਼ਿਕੇਸ਼ਨ ਨੂੰ ਲਾਗੂ ਕਰੇਗੀ ਅਤੇ ਹਰੇਕ ਪਹਿਲੂ 'ਤੇ ਹਮਦਰਦੀ ਨਾਲ ਵਿਚਾਰ ਕਰੇਗੀ ਅਤੇ ਪ੍ਰੋ. ਭੁੱਲਰ ਦੀ ਤੁਰੰਤ ਰਿਹਾਈ ਲਈ 'ਸਜ਼ਾ ਸਮੀਖਿਆ ਬੋਰਡ' ਮੀਟਿੰਗ ਬੁਲਾਉਣ ਤੋਂ ਇਲਾਵਾ ਹੋਰ ਲੋੜੀਂਦੇ ਕਦਮ ਚੁੱਕੇਗੀ ।

ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਸਿੱਖ ਕੈਦੀਆਂ (ਬੰਦੀ ਸਿੰਘਾਂ) ਦੀ ਰਿਹਾਈ ਦਾ ਮੁੱਦਾ ਪਿਛਲੇ ਕੁਝ ਸਮੇਂ ਤੋਂ ਨਾ ਸਿਰਫ਼ ਪੰਜਾਬ ਅਤੇ ਸਿੱਖ ਭਾਈਚਾਰੇ ਵਿਚ ਸਗੋਂ ਦੇਸ਼ ਦੀ ਰਾਜਨੀਤੀ ਵਿਚ ਵੀ ਭਖਦਾ ਅਤੇ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਸਿੱਖ ਕੈਦੀਆਂ ਦਾ ਮਾਮਲਾ ਪੇਚੀਦਾ ਕਾਨੂੰਨੀ ਮਾਮਲਾ ਹੈ, ਉੱਥੇ ਹੀ ਸਿੱਖ ਭਾਈਚਾਰੇ ਲਈ ਭਾਵਨਾਤਮਕ ਵੀ ਹੈ। ਬੰਦੀ ਸਿੰਘ ਜਾਂ ਸਿੱਖ ਸਿਆਸੀ ਕੈਦੀ ਉਹ ਸਿੱਖ ਕੈਦੀ ਹਨ ਜੋ '80 ਦੇ ਦਹਾਕੇ ਨਾਲ ਸੰਬੰਧਿਤ ਸਿੱਖ ਸੰਘਰਸ਼/ਵੱਖਵਾਦੀ ਲਹਿਰ ਦੇ ਪ੍ਰਭਾਵ ਹੇਠ ਵੱਖ-ਵੱਖ ਅਪਰਾਧਾਂ ਲਈ ਜੇਲ੍ਹਾਂ ਵਿਚ ਹਨ। ਇਹ ਆਮ ਘਰਾਂ ਦੇ ਸਿੱਖ ਨੌਜਵਾਨ ਹਨ, ਜੋ ਉਸ ਦੌਰ ਵਿੱਚ ਕਾਂਗਰਸੀ ਸਰਕਾਰਾਂ ਦੇ ਰਾਜਨੀਤਿਕ ਵਿਤਕਰਿਆਂ ਅਤੇ ਉਨ੍ਹਾਂ ਵੱਲੋਂ ਪੈਦਾ ਕੀਤੇ ਗਏ ਨਾਖ਼ੁਸ਼ਗਵਾਰ ਹਾਲਤਾਂ ਦੇ ਸ਼ਿਕਾਰ ਹੋਏ ਅਤੇ ਹਿੰਸਕ ਰਾਹ 'ਤੇ ਤੁਰਨ ਲਈ ਮਜਬੂਰ ਕੀਤੇ ਗਏ। ਵਿਚਾਰ ਅਧੀਨ ਸਿੱਖ ਕੈਦੀ ਸਾਡੇ ਦੇਸ਼ ਦੇ ਬਾਸ਼ਿੰਦੇ ਹਨ। ਉਮਰ ਕੈਦ ਦੀ ਸਜ਼ਾ ਕੱਟ ਰਹੇ ਕੈਦੀਆਂ ਦੀ ਰਿਹਾਈ ਰਾਜ ਦੇ ਦਖ਼ਲ ਤੋਂ ਬਿਨਾਂ ਸੰਭਵ ਨਹੀਂ ਹੈ। ਸਿੱਖ ਕੈਦੀਆਂ ਨੂੰ ਰਿਹਾਅ ਕਰਨ ਦਾ ਫ਼ੈਸਲਾ ਸਿਆਸੀ ਇੱਛਾ ਸ਼ਕਤੀ 'ਤੇ ਨਿਰਭਰ ਕਰਦਾ ਹੈ ।

ਇਸੇ ਲਈ, ਸਿੱਖ ਭਾਈਚਾਰੇ ਦੀ ਮੰਗ ਨੂੰ ਧਿਆਨ ਵਿਚ ਰੱਖਦੇ ਹੋਏ, ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਭਾਰਤ ਸਰਕਾਰ ਨੇ ਨਵੰਬਰ 2019 ਵਿੱਚ ਗੁਰੂ ਨਾਨਕ ਜੀ ਦੇ 550ਵੇਂ ਪ੍ਰਕਾਸ਼ ਪੁਰਬ 'ਤੇ ਇਕ ਨੋਟੀਫ਼ਿਕੇਸ਼ਨ ਜਾਰੀ ਕੀਤਾ। ਸਰਕਾਰ ਨੇ, ਭਾਰਤ ਦੇ ਸੰਵਿਧਾਨ ਦੀ ਧਾਰਾ 72 ਅਤੇ ਧਾਰਾ 161 ਦੇ ਤਹਿਤ ਕ੍ਰਮਵਾਰ ਰਾਸ਼ਟਰਪਤੀ ਜੀ ਅਤੇ ਰਾਜ ਦੇ ਰਾਜਪਾਲ ਸਾਹਿਬ ਨੂੰ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਇੱਕ ਸਿੱਖ ਕੈਦੀ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਣ ਅਤੇ 8 ਸਿੱਖ ਕੈਦੀਆਂ ਨੂੰ ਰਿਹਾਅ ਕਰਨ ਦਾ ਫ਼ੈਸਲਾ ਕੀਤਾ ਹੈ। ਅਰੁਣ ਸੋਬਤੀ, ਸੰਯੁਕਤ ਸਕੱਤਰ, ਗ੍ਰਹਿ ਮੰਤਰਾਲੇ, ਭਾਰਤ ਸਰਕਾਰ ਦੁਆਰਾ 11 ਅਕਤੂਬਰ 2019 ਨੂੰ ਜਾਰੀ ਪੱਤਰ, ਜਿਸ ਦੀ ਇੱਕ ਕਾਪੀ ਸੰਯੁਕਤ ਸਕੱਤਰ , ਗ੍ਰਹਿ ਮੰਤਰਾਲੇ, ਨਵੀਂ ਦਿੱਲੀ ਨੂੰ ਵੀ ਭੇਜੀ ਗਈ ਸੀ, ਵਿੱਚ 9 ਸਿੱਖ ਕੈਦੀਆਂ ਬਾਰੇ ਸਪਸ਼ਟ ਤੌਰ 'ਤੇ ਜ਼ਿਕਰ ਕੀਤਾ ਗਿਆ ਸੀ। ਇਨ੍ਹਾਂ ਵਿੱਚੋਂ, ਹੁਣ ਤੱਕ 6 ਕੈਦੀਆਂ ਨੂੰ ਰਿਹਾਅ ਕੀਤਾ ਜਾ ਚੁੱਕਾ ਹੈ। ਜਿਨ੍ਹਾਂ ਦੋ ਕੈਦੀਆਂ ਨੂੰ ਅਜੇ ਤੱਕ ਰਿਹਾਅ ਨਹੀਂ ਕੀਤਾ ਗਿਆ ਹੈ, ਉਨ੍ਹਾਂ ਵਿੱਚ ਇੱਕ ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ ਪੁੱਤਰ ਬਲਵੰਤ ਸਿੰਘ, ਵਾਸੀ ਦਿਆਲਪੁਰਾ ਝੁੱਗੀਆਂ, ਥਾਣਾ ਦਿਆਲਪੁਰਾ, ਜ਼ਿਲ੍ਹਾ ਬਠਿੰਡਾ, ਪੰਜਾਬ ਹੈ, ਜਿਸ ਨੂੰ ਦਿੱਲੀ ਵਿੱਚ ਕਾਂਗਰਸ ਦਫ਼ਤਰ ਦੇ ਬਾਹਰ ਹੋਏ ਧਮਾਕੇ ਵਿੱਚ ਦੋਸ਼ੀ ਪਾਇਆ ਗਿਆ ਸੀ ਅਤੇ ਵਿਸ਼ੇਸ਼ ਟਾਡਾ ਅਦਾਲਤ ਨੇ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ।

ਪ੍ਰੋਫੈਸਰ ਭੁੱਲਰ ਦੀ ਰਿਹਾਈ ਦਿੱਲੀ ਦੇ ਪ੍ਰਸ਼ਾਸਕੀ ਅਧਿਕਾਰ ਖੇਤਰ ਵਿੱਚ ਆਉਂਦੀ ਹੈ।ਪਿਛਲੀ ਵਾਰ, ਦਿੱਲੀ ਵਿੱਚ ਸ਼੍ਰੀ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਸੀ, ਜਿਸ ਨੇ ਪ੍ਰੋਫੈਸਰ ਭੁੱਲਰ ਦੀ ਰਿਹਾਈ ਵਿੱਚ ਰੁਕਾਵਟ ਪਾਈ ਸੀ।

ਭੁੱਲਰ ਦਾ ਮਾਮਲਾ ਦਿੱਲੀ ਸਰਕਾਰ ਦੇ ਸੱਤ ਮੈਂਬਰੀ 'ਸਜ਼ਾ ਸਮੀਖਿਆ ਬੋਰਡ' ਦੇ ਸਾਹਮਣੇ ਘੱਟੋ-ਘੱਟ ਸੱਤ ਵਾਰ ਰੱਖਿਆ ਗਿਆ ਸੀ ਤਾਂ ਜੋ ਉਸ ਦੀ ਸਮੇਂ ਤੋਂ ਪਹਿਲਾਂ ਰਿਹਾਈ ਨੂੰ ਪ੍ਰਵਾਨਗੀ ਲਈ ਦਿੱਲੀ ਦੇ ਉਪ ਰਾਜਪਾਲ ਨੂੰ ਭੇਜਿਆ ਜਾ ਸਕੇ। ਪਰ ਕੋਈ ਸਾਰਥਕ ਨਤੀਜੇ ਨਹੀਂ ਨਿਕਲੇ।

# ਮਹਿਫ਼ਿਲ-ਏ-ਸ਼ਮਸ਼ੇਰ ਲਹਿਰੀ ਵਿੱਚ ਵਗੀ ਰੂਹਾਨੀਅਤ ਦੀ ਲਹਿਰ



ਬਠਿੰਡਾ, 31 ਮਾਰਚ (ਗੁਰਜੰਟ ਸਿੰਘ ਨਥੇਹਾ)- ਬਠਿੰਡਾ ਦੇ ਬਲਵੰਤ ਗਾਰਗੀ ਆਡੀਟੋਰੀਅਮ ਵਿੱਚ ਮਹਿਫ਼ਿਲ-ਏ-ਸ਼ਮਸ਼ੇਰ ਲਹਿਰੀ ਦਾ ਆਯੋਜਨ ਕੀਤਾ ਗਿਆ। ਇਸ ਵਿੱਚ ਸੂਫ਼ੀ ਗਾਇਕ ਸ਼ਮਸ਼ੇਰ ਲਹਿਰੀ ਵੱਲੋਂ ਪੇਸ਼ ਕੀਤੇ ਗਏ ਸੂਫ਼ੀ ਕਲਾਮਾਂ ਨਾਲ ਬਠਿੰਡਾ ਵਿੱਚ ਰੂਹਾਨੀਅਤ ਦੀ ਲਹਿਰ ਵਗਦੀ ਮਹਿਸੂਸ ਹੋਈ। ਵਿਸ਼ੇਸ਼ ਤੌਰ 'ਤੇ ਮਹਿਫ਼ਿਲ ਵਿੱਚ ਪੇਸ਼ ਹੋਏ ਸਪੈਸ਼ਲ ਡੀ.ਜੀ.ਪੀ ਡਾ. ਜਤਿੰਦਰ ਜੈਨ ਨੇ ਕਿਹਾ ਕਿ ਸ਼ਮਸ਼ੇਰ ਲਹਿਰੀ ਨੇ ਆਪਣੀ ਗਾਇਕੀ ਰਾਹੀਂ ਸਰੋਤਿਆਂ ਨੂੰ ਰੱਬ ਨਾਲ ਜੋੜਨ ਦੀ ਸਫ਼ਲ ਕੋਸ਼ਿਸ਼ ਕੀਤੀ।ਡੀ.ਆਈ.ਜੀ ਬਠਿੰਡਾ ਰੇਂਜ ਹਰਜੀਤ ਸਿੰਘ ਨੇ ਕਿਹਾ ਕਿ ਪਹਿਲੀ ਵਾਰੀ ਸ਼ਮਸ਼ੇਰ ਲਹਿਰੀ ਨੂੰ ਲਾਈਵ ਸੁਣਨ ਦਾ ਮੌਕਾ ਮਿਲਿਆ।ਬਹੁਤ ਸਾਫ਼ ਸੁਥਰੀ ਗਾਇਕੀ ਹੈ, ਇਸ ਤਰ੍ਹਾਂ ਦੀ ਗਾਇਕੀ ਦੀ ਸਮਾਜ ਨੂੰ ਲੋੜ ਹੈ। ਅਰਜਿਤ ਗੋਇਲ ਨੇ ਕਿਹਾ ਕਿ ਸ਼ਮਸ਼ੇਰ ਲਹਿਰੀ ਬਾਰੇ ਸੁਣਿਆ ਬਹੁਤ ਸੀ ਪਰ ਅੱਜ ਲਾਈਵ ਦੇਖਣ ਦਾ ਮੌਕਾ ਮਿਲਿਆ। ਉਹਨਾਂ ਦੀ ਗਾਇਕੀ ਤੋਂ ਮਹਿਸੂਸ ਹੁੰਦਾ ਹੈ ਕਿ ਉਹ ਰੱਬ ਦੇ ਬਹੁਤ ਨੇੜੇ ਹੈ। ਬਠਿੰਡਾ ਦੇ ਵਿਧਾਇਕ ਜਗਰੂਪ ਗਿੱਲ ਨੇ ਕਿਹਾ ਬਠਿੰਡਾ ਦੇ ਆਡੀਟੋਰੀਅਮ ਲਈ ਬਹੁਤ ਹੀ ਮਹੱਤਪੂਰਨ ਦਿਨ ਹੈ। ਪੰਜਾਬੀ ਹਮੇਸ਼ਾ ਲਹਿਰਾਂ ਬਹਿਰਾਂ ਵਿਚ ਰਹਿੰਦੇ ਨੇ। ਸ਼ਮਸ਼ੇਰ ਲਹਿਰੀ ਦਾ ਪ੍ਰੋਗਰਾਮ ਸੱਭਿਆਚਾਰ ਦੀਆਂ ਕਦਰਾਂ ਕੀਮਤਾਂ ਉੱਤੇ ਖ਼ਰਾ ਉੱਤਰਿਆ ਹੈ। ਸਾਰੇ ਦਰਸ਼ਕਾਂ ਨੂੰ ਦੇਖਣਾ ਬਣਦਾ ਸੀ ਕਿ ਉਹ ਸਾਰੇ ਗੀਤਾਂ ਨਾਲ ਰੂਹ ਨਾਲ ਜੁੜੇ ਹੋਏ ਸੀ। ਆਉਣ ਵਾਲੇ ਸਮੇਂ ਵਿੱਚ ਉਹਨਾਂ ਦੀ ਗਾਇਕੀ ਦਾ ਸਿੱਕਾ ਚੱਲੇਗਾ। ਨਗਰ ਨਿਗਮ ਦੇ ਮੇਅਰ ਪਦਾਮਜੀਤ ਮਹਿਤਾ ਨੇ ਕਿਹਾ ਕਿ ਸ਼ਮਸ਼ੇਰ ਲਹਿਰੀ ਨੇ ਅੱਜ ਸਾਰਿਆਂ ਨੂੰ ਰੱਬ ਦਿਆਂ ਰੰਗਾਂ ਵਿੱਚ ਰੰਗ ਦਿੱਤਾ। ਉਹਨਾਂ ਆਪਣੇ ਗੀਤਾਂ ਨਾਲ ਸਾਨੂੰ ਸਾਰਿਆਂ ਨੂੰ ਗੁਰਬਾਣੀ ਨਾਲ ਜੋੜ ਦਿੱਤਾ। ਬਠਿੰਡਾ ਸ਼ਹਿਰ ਦੇ ਲੋਕ ਭਗਤੀ ਵਿੱਚ ਲੀਨ ਹੋ ਗਏ ਸੀ। ਇਸ ਤਰ੍ਹਾਂ ਦਾ ਕੋਈ ਵੀ ਸੂਫ਼ੀ ਪ੍ਰੋਗਰਾਮ ਬਠਿੰਡਾ ਵਿੱਚ ਨਹੀਂ ਹੋਇਆ। ਮਹਿਫ਼ਲ-ਏ-ਸ਼ਮਸ਼ੇਰ ਲਹਿਰੀ ਵਿੱਚ ਉਚੇਚੇ ਤੌਰ 'ਤੇ ਸਪੈਸ਼ਲ ਡੀ.ਜੀ.ਪੀ ਡਾ. ਜਤਿੰਦਰ ਜੈਨ, ਡੀ.ਆਈ.ਜੀ ਬਠਿੰਡਾ ਰੇਂਜ ਹਰਜੀਤ ਸਿੰਘ, ਪੰਜਾਬ ਕ੍ਰਿਕੇਟ ਐਸੋਸੀਏਸ਼ਨ ਦੇ ਪ੍ਰਧਾਨ ਅਮਰਜੀਤ ਮਹਿਤਾ, ਬਠਿੰਡਾ ਨਗਰ ਨਿਗਮ ਦੇ ਮੇਅਰ ਪਰਮਜੀਤ ਮਹਿਤਾ, ਏਡੀਸੀ ਪੂਨਮ ਸਿੰਘ, ਨਗਰ ਨਿਗਮ ਬਠਿੰਡਾ ਦੇ ਕਮਿਸ਼ਨਰ ਅਜੈ ਅਰੋੜਾ, ਐੱਮ.ਐਲ.ਏ ਬਠਿੰਡਾ ਸ਼ਹਿਰੀ ਜਗਰੂਪ ਗਿੱਲ, ਐੱਮ.ਐਲ.ਏ ਬਠਿੰਡਾ ਦੇਹਾਤੀ ਅਮਿਤ ਰਤਨ ਕੋਟਫੱਤਾ, ਪੰਜਾਬ ਮੱਧਮ ਉਦਯੋਗ ਬੋਰਡ ਦੇ ਚੇਅਰਮੈਨ ਨੀਲ ਗਰਗ, ਜਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਅੰਮ੍ਰਿਤ ਲਾਲ ਅਗਰਵਾਲ, ਟ੍ਰੇਡ ਵਿੰਗ ਦੇ ਚੇਅਰਮੈਨ ਅਨਿਲ ਠਾਕਰ, ਸ਼ੂਗਰਫੈੱਡ ਦੇ ਚੇਅਰਮੈਨ ਨਵਦੀਪ ਜੀਦਾ, ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਜਤਿੰਦਰ ਭੱਲਾ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਮੈਂਬਰ ਸਕੱਤਰ ਸੀਜੇਐਮ ਸੁਰੇਸ਼ ਕੁਮਾਰ, ਕਾਂਗਰਸ ਦੇ ਜਿਲ੍ਹਾ ਪ੍ਰਧਾਨ ਰਾਜਨ ਗਰਗ, ਬੀਜੇਪੀ ਦੇ ਸੂਬਾਈ ਨੇਤਾ ਮੋਹਨ ਲਾਲ ਗਰਗ, ਸ਼ਿਰੋਮਣੀ ਅਕਾਲੀ ਦਲ ਦੇ ਬਠਿੰਡਾ ਇੰਚਾਰਜ ਇਕਬਾਲ ਸਿੰਘ ਬਬਲੀ ਢਿੱਲੋਂ, ਦਿਵਿਆ ਜਯੋਤੀ ਜਾਗ੍ਰਿਤੀ ਸੰਸਥਾਨ ਦੇ ਸਵਾਮੀ ਉਮੇਸ਼ਾ ਨੰਦ ਜੀ, ਬਾਬਾ ਫਰੀਦ ਕਾਲਜ ਦੇ ਚੇਅਰਮੈਨ ਗੁਰਮੀਤ ਧਾਲੀਵਾਲ, ਫਤਹਿ ਕਾਲਜ ਦੇ ਚੇਅਰਮੈਨ ਸੁਖਮੰਦਰ ਸਿੰਘ ਚੱਠਾ, ਡਾ. ਪਰਮ ਨਾਗਪਾਲ, ਡਾ. ਰੁਪਿੰਦਰ ਨਾਗਪਾਲ, ਡਾ. ਰੌਬਿਨ ਮਹੇਸ਼ਵਰੀ, ਪ੍ਰਿੰ. ਨੀਤੂ ਅਰੋੜਾ, ਪ੍ਰਿੰ. ਸੁਮਨ ਬਾਲਾ, ਪ੍ਰਿੰ. ਅੰਜੂ ਨਾਗਪਾਲ ਆਦਿ ਤੋਂ ਬਿਨਾਂ ਅੱਠ ਜੱਜ ਸਾਹਿਬਾਨਾਂ ਨੇ ਹਾਜ਼ਰੀ ਲਵਾਈ।



# ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੀਨੀਅਰ ਸੈਕੰਡਰੀ ਸਕੂਲ ਚੂੰਗ, ਅਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਇੰਟਰਨੈਸ਼ਨਲ ਪਬਲਿਕ ਸਕੂਲ ਸੀ ਬੀ ਐਸ ਈ ਦਾ ਨਤੀਜਾ ਰਿਹਾ ਸ਼ਾਨਦਾਰ-ਪ੍ਰਿੰਸੀਪਲ ਤੇਜਬੀਰ ਸਿੰਘ ਸੋਹਲ



**ਚੌਕ ਮਹਿਤਾ, 31 ਮਾਰਚ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਵਿਦਿਅਕ ਸੰਸਥਾਵਾਂ ਵਿੱਚ ਦੋ ਰੋਜ਼ਾ ਸਲਾਨਾ ਨਤੀਜਾ ਐਲਾਨਿਆ ਗਿਆ। ਇਹ ਸਲਾਨਾ ਨਤੀਜਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸੀਂ ਸੈ ਸਕੂਲ ਅਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਇੰਟਰਨੈਸ਼ਨਲ ਪਬਲਿਕ ਸਕੂਲ(ਸੀ ਬੀ ਐਸ ਈ) ਅਲੱਗ ਅਲੱਗ ਭਾਗਾਂ ਵਿੱਚ ਐਲਾਨਿਆ ਗਿਆ ਹੈ। ਅਧਿਆਪਕਾਂ ਅਤੇ ਮੈਨੇਜਮੈਂਟ ਵੱਲੋਂ ਮਾਤਾ ਪਿਤਾ ਅਤੇ ਵਿਦਿਆਰਥੀਆਂ ਦਾ ਸਵਾਗਤ ਕੀਤਾ ਗਿਆ ਅਤੇ ਉਹਨਾਂ ਨੂੰ ਜੀ ਆਇਆਂ ਆਖਿਆ ਗਿਆ। ਸਕੂਲ ਚੇਅਰਮੈਨ ਰਘਬੀਰ ਸਿੰਘ ਸੋਹਲ ਅਤੇ ਜਸਪ੍ਰੀਤ ਕੌਰ ਸੋਹਲ ਵੱਲੋਂ ਨਰਸੀ ਤੋਂ ਗਿਰਵੀਂ ਜਮਾਤ ਤੱਕ ਦੇ ਪਹਿਲੀਆਂ ਤਿੰਨ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਵਿਦਿਆਰਥੀਆਂ ਅਤੇ ਉਨਾਂ ਦੇ ਮਾਤਾ ਪਿਤਾ ਵਿੱਚ ਭਾਰੀ ਉਤਸ਼ਾਹ ਵੇਖਣ ਨੂੰ ਮਿਲਿਆ। ਸਕੂਲ ਮੈਨੇਜਮੈਂਟ ਵੱਲੋਂ ਵੀ ਮਾਤਾ ਪਿਤਾ ਦਾ ਧੰਨਵਾਦ ਕੀਤਾ ਗਿਆ। ਡਾਇਰੈਕਟਰ ਤੇਜਬੀਰ ਸਿੰਘ ਸੋਹਲ ਵੱਲੋਂ ਸਕੂਲ ਦੀਆਂ ਸਲਾਨਾ ਪ੍ਰਾਪਤੀਆਂ, ਹੋਰ ਆਉਣ ਵਾਲੀਆਂ ਸਹੂਲਤਾਂ ਅਤੇ ਅਗਲੇ ਸਾਲ ਦੇ ਕੈਲੰਡਰ ਬਾਰੇ ਜਾਣੂ ਕਰਵਾਇਆ ਗਿਆ। ਚੇਅਰਮੈਨ ਰਘਬੀਰ ਸਿੰਘ ਸੋਹਲ ਵੱਲੋਂ ਵਿਦਿਆਰਥੀਆਂ ਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਨਾ ਦਿੱਤੀ ਗਈ। ਇਸ ਮੌਕੇ ਪ੍ਰਿੰਸੀਪਲ ਮਨਤੇਸ਼ ਕੁਮਾਰ, ਪ੍ਰਿੰਸੀਪਲ ਮਨਪ੍ਰੀਤ ਕੌਰ ਸ਼ੀਨਾ ਅਤੇ ਹੋਰ ਅਧਿਆਪਕ ਹਾਜ਼ਿਰ ਸਨ।

# ਸੱਤਿਆ ਐਲੀਮੈਂਟਰੀ ਸਕੂਲ ਚੰਨਣਕੇ ਦਾ ਨਤੀਜਾ ਰਿਹਾ ਸ਼ਾਨਦਾਰ




**ਚੌਕ ਮਹਿਤਾ, 31 ਮਾਰਚ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਸੱਤਿਆ ਐਲੀਮੈਂਟਰੀ ਸਕੂਲ ਚੰਨਣਕੇ ਦਾ ਨਤੀਜਾ ਸਕੂਲ ਦੀ ਮੁੱਖ ਅਧਿਆਪਕਾਂ ਸ੍ਰੀ ਮਤੀ ਮੈਡਮ ਨਵਨੀਤ ਕੌਰ ਦੀ ਅਗਵਾਈ ਹੇਠ ਐਲਾਨਿਆ ਗਿਆ। ਸਲਾਨਾ ਪਰੀਖਿਆ ਵਿੱਚ ਆਉਣ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਨਤੀਜਾ ਬਹੁਤ ਸ਼ਾਨਦਾਰ ਰਿਹਾ। ਇਸ ਮੌਕੇ ਤੇ ਮੁੱਖ ਮਹਿਮਾਨ ਸਾਬਕਾ ਸਰਪੰਚ ਪ੍ਰਗਟ ਸਿੰਘ, ਸਮਾਜ ਸੇਵੀ ਮਾਸਟਰ ਗੁਰਪ੍ਰੀਤ ਸਿੰਘ ਜਲਾਲ ਨੇ ਬੱਚਿਆਂ ਨੂੰ ਇਨਾਮ ਤਕਸੀਮ ਕੀਤੇ ਅਤੇ ਬੱਚਿਆਂ ਦੇ ਮਾਪਿਆਂ ਨੂੰ ਵਧਾਈਆ ਦਿੱਤੀਆਂ। ਅਤੇ ਉਨ੍ਹਾਂ ਨੇ ਕਿਹਾ ਕਿ ਇਹ ਸਿਹਰਾਂ ਸਕੂਲ ਦੇ ਮੁੱਖ ਅਧਿਆਪਕਾਂ ਅਤੇ ਸਟਾਫ ਦੇ ਸਿਰ ਹੈ ਜਿੰਨਾ ਨੇ ਬੱਚਿਆਂ ਨੂੰ ਬਹੁਤ ਸਖਤ ਮਿਹਨਤ ਨਾਲ ਪੜਾਇਆ। ਚੰਗੀ ਤਲਮੀਮ ਦਿੱਤੀ। ਇਸ ਮੌਕੇ ਤੇ ਮੁੱਖ ਅਧਿਆਪਕਾਂ ਸ੍ਰੀ ਮਤੀ ਮੈਡਮ ਨਵਨੀਤ ਕੌਰ, ਮੈਡਮ ਸੰਦੀਪ ਕੌਰ, ਲਵਦੀਪ ਕੌਰ, ਸੁਖਬੀਰ ਕੌਰ, ਅਮਨਦੀਪ ਕੌਰ, ਸਹਿਜਦੀਪ ਕੌਰ, ਪਰਦੀਪ ਕੌਰ, ਸਰਪੰਚ ਕੁਲਵਿੰਦਰ ਸਿੰਘ ਮਿੱਠਾ, ਸਾਬਕਾ ਸਰਪੰਚ ਪਰਗਟ ਸਿੰਘ, ਸਕੱਤਰ ਸਿੰਘ ਜਲਾਲ, ਸਮਾਜ ਸੇਵੀ ਬਾਬਾ ਸੁਖਵੰਤ ਸਿੰਘ ਚੰਨਣਕੇ ਆਦਿ ਹਾਜਰ ਸਨ।

# ਪ੍ਰੇਮ ਪ੍ਰਕਾਸ਼ ਦੇ ਵਿਛੜ ਜਾਣ ਦਾ ਗਹਿਰਾ ਦੁੱਖ: ਟੇਰਕਿਆਨਾ

**ਹੁਸ਼ਿਆਰਪੁਰ, 31 ਮਾਰਚ ( ਆਵਾਜ਼ਿ ਕੌਮ ਬਿਊਰੋ )**- ਪ੍ਰਸਿੱਧ ਲੇਖਕ ਤੇ ਜ਼ਿਲ੍ਹਾ ਲੇਖਕ ਮੰਚ ਦੇ ਕਨਵੀਨਰ ਰਘਵੀਰ ਸਿੰਘ ਟੇਰਕਿਆਨਾ ਨੇ ਮਹਾਨ ਕਹਾਣੀਕਾਰ ਪ੍ਰੇਮ ਪ੍ਰਕਾਸ਼ ਦੇ ਵਿਛੜ ਜਾਣ ਉੱਤੇ ਗਹਿਰੇ ਦੁੱਖ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਪ੍ਰੇਮ ਪ੍ਰਕਾਸ਼ ਕਹਾਣੀਕਾਰ ਦੀ ਕਲਮ ਕਈ ਦਹਾਕੇ ਨਿਰੰਤਰ ਚਲਦੀ ਰਹੀ ਤੇ ਅਸੀਂ ਉੱਨਾਂ ਨੂੰ ਪੜ੍ਹਦੇ ਵੀ ਰਹੇ ਤੇ ਉੱਨਾਂ ਦੀਆਂ ਤਜਰਬੇ ਭਰਪੂਰ ਗੱਲਾਂ ਵੀ ਸੁਣਦੇ ਰਹੇ ਹਾਂ ਪਰ ਹੁਣ ਉਮਰ ਦਰਾਜ਼ ਹੋਣ ਕਰਕੇ ਵਿਛੜਣ ਦਾ ਵੇਲਾ ਆ ਗਿਆ ਸੀ ਤੇ ਅੱਜ ਪ੍ਰੇਮ ਪ੍ਰਕਾਸ਼ ਜੀ ਸੱਚਮੁੱਚ ਹੀ ਇਸ ਫ਼ਾਨੀ ਸੰਸਾਰ ਤੋਂ ਕੂਚ ਕਰ ਗਏ ਜਿਸ ਦਾ ਸਾਨੂੰ ਲੇਖਕਾਂ ਤੇ ਪਾਠਕਾਂ ਨੂੰ ਬਹੁਤ ਘਾਟਾ ਪਿਆ ਹੈ । ਟੇਰਕਿਆਨਾ ਨੇ ਕਿਹਾ ਕਿ ਭਾਵੇਂ ਪ੍ਰੇਮ ਪ੍ਰਕਾਸ਼ ਕਹਾਣੀਕਾਰ ਦੀ ਨਹਿਰ ਦਰਿਆ ਵਾਂਗ ਵਗਦੀ ਕਲਮ ਅਚਾਨਕ ਰੁਕ ਗਈ ਹੈ ਪਰ ਉੱਨਾਂ ਦੀਆਂ ਲਿਖਤਾਂ ਦਾ ਪ੍ਰਵਾਹ ਸਮਾਜ ਵਿਚ ਤੇ ਪਾਠਕਾਂ ਵਿਚ ਚੱਲਦਾ ਹੀ ਰਹੇਗਾ।

### ਮਹਾਰਾਸ਼ਟਰ ਵਿੱਚ ਪਹਿਲਾ ਇਤਿਹਾਸਕ

# ਪੰਜਾਬੀ ਸਭਿਆਚਾਰ ਮੇਲਾ 2025 ਸ਼ਾਨਦਾਰ ਸਫਲਤਾ ਨਾਲ ਹੋਇਆ ਸੰਪੰਨ



**ਨਵੀਂ ਦਿੱਲੀ, 31 ਮਾਰਚ (ਮਨਪ੍ਰੀਤ ਸਿੰਘ ਖਾਲਸਾ)**:- ਮਹਾਰਾਸ਼ਟਰ ਰਾਜ ਪੰਜਾਬੀ ਸਾਹਿਤ ਅਕੈਡਮੀ ਅਤੇ 11 ਮੈਂਬਰੀ ਸਿੱਖ ਕੋਆਰਡੀਨੇਸ਼ਨ ਕਮੇਟੀ ਵੱਲੋਂ ਘੱਟ ਗਿਣਤੀ ਵਿਕਾਸ ਵਿਭਾਗ, ਮਹਾਰਾਸ਼ਟਰ ਸਰਕਾਰ ਦੇ ਤਹਿਤ ਆਯੋਜਿਤ ਕੀਤਾ ਗਿਆ ਪਹਿਲਾ ਪੰਜਾਬੀ ਸਭਿਆਚਾਰ ਮੇਲਾ 2025 ਇਤਿਹਾਸਕ ਤੌਰ 'ਤੇ ਸਫਲਤਾ ਪੂਰਨ ਰਿਹਾ। ਬਲ ਮਲਕੀਤ ਸਿੰਘ ਏਗਜ਼ਿਕਉਟਿਵ ਚੇਅਰਮੈਨ, ਮਹਾਰਾਸ਼ਟਰ ਰਾਜ ਪੰਜਾਬੀ ਸਾਹਿਤ ਅਕੈਡਮੀ, ਮਹਾਰਾਸ਼ਟਰ ਸਰਕਾਰ ਨੇ ਦਸਿਆ ਕਿ ਇਹ ਮੇਲਾ ਪੰਜਾਬ ਅਤੇ ਮਹਾਰਾਸ਼ਟਰ ਦੀਆਂ ਰੰਗਤਾਂ, ਵਿਰਾਸਤ, ਤਿਉਹਾਰ ਤੇ ਸਭਿਆਚਾਰ ਦੀ ਝਲਕ ਦਿਖਾਉਂਦਾ ਹੋਇਆ ਬੇਹੱਦ ਉਤਸ਼ਾਹ ਨਾਲ ਮਨਾਇਆ ਗਿਆ। 28 ਤੋਂ 30 ਮਾਰਚ 2025 ਤੱਕ ਰਾਜੀਵ ਗਾਂਧੀ ਸਟੇਡੀਅਮ, ਸੀਬੀਡੀ ਬੇਲਾਪੁਰ, ਨਵੀ ਮੁੰਬਈ ਵਿਖੇ ਆਯੋਜਿਤ ਕੀਤੇ ਗਏ ਇਸ ਉਤਸਵ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਲੋਕਾਂ ਨੇ ਸ਼ਿਰਕਤ ਕਰਕੇ ਪੰਜਾਬੀ ਤੇ ਮਹਾਰਾਸ਼ਟਰੀ ਸਭਿਆਚਾਰ ਦੇ ਵਿਅਕਤੀਗਤ ਅਤੇ ਸਾਂਝੇ ਰੰਗ ਦਾ ਆਨੰਦ ਮਾਣਿਆ। ਇਹ ਪ੍ਰੋਗਰਾਮ ਮੁੱਖ ਤੌਰ 'ਤੇ ਮਹਾਰਾਸ਼ਟਰ ਸਰਕਾਰ ਦੀ ਮਾਣਯੋਗ ਰਾਜ ਮੰਤਰੀ, ਸ੍ਰੀਮਤੀ ਮਧੁਰੀ ਮਿਸਾਲ (ਟ੍ਰਾਂਸਪੋਰਟ, ਘੱਟ ਗਿਣਤੀ ਵਿਕਾਸ, ਸ਼ਹਿਰੀ ਵਿਕਾਸ, ਸਮਾਜਿਕ ਨਿਆਂ ਅਤੇ ਮੈਡੀਕਲ ਐਜੂਕੇਸ਼ਨ ਵਿਭਾਗ), ਮੁੱਖ ਮਹਿਮਾਨ ਵਜੋਂ ਸ਼ੋਭਾ ਵਧਾਉਂਦੇ ਹੋਏ ਪੂਰੀ ਭਰਵੀਂ ਹਾਜ਼ਰੀ ਵਿਚ ਮਨਾਇਆ ਗਿਆ। ਇਸ ਮੌਕੇ 'ਤੇ ਕਈ ਪ੍ਰਸਿੱਧ ਵਿਅਕਤੀ, ਸਮਾਜਿਕ ਆਗੂ ਅਤੇ ਸਭਿਆਚਾਰਕ ਹਸਤੀਆਂ ਵੀ ਮੌਜੂਦ ਰਹੀਆਂ। ਪ੍ਰੋਗਰਾਮ ਵਿਚ ਰਣਜੀਤ ਬਾਵਾ ਦੇ ਲਾਈਵ ਪਰਫਾਰਮੈਂਸ ਅਤੇ ਸੁਰੀਲੇ ਗਾਇਨ ਤੇ ਜ਼ੋਰਦਾਰ ਥਾਪਾਂ ਨੇ ਦਰਸ਼ਕਾਂ ਨੂੰ ਝੂਮਣ 'ਤੇ ਮਜਬੂਰ ਕਰ ਦਿੱਤਾ ਓਥੇ ਹੀ ਪੰਜਾਬੀ ਤੇ ਮਹਾਰਾਸ਼ਟਰੀ ਲੋਕ ਨਾਚ, ਭੰਗੜਾ, ਗਿੱਧਾ, ਲਾਵਣੀ ਵਰਗੀਆਂ ਆਤਮਾਨੁਭਵੀ ਪੇਸ਼ਕਾਰੀਆਂ ਦੁਆਰਾ ਦੋਵਾਂ ਸੂਬਿਆਂ ਦੀ ਰੰਗਤ ਦਰਸ਼ਾਈ ਗਈ। ਜਨਤਾ ਦੀ ਭਾਰੀ ਹਾਜ਼ਿਰੀ ਨਾਲ ਇਹ ਮੇਲਾ ਪੰਜਾਬ- ਮਹਾਰਾਸ਼ਟਰ ਦੀ ਦੋਸਤੀ ਅਤੇ ਆਤਮਿਕ ਸਾਂਝ ਦਾ ਉਤਸਵ ਬਣ ਗਿਆ ਅਤੇ ਮਹਾਰਾਸ਼ਟਰ ਦੇ ਇਤਿਹਾਸ ਵਿੱਚ ਪਹਿਲੀ ਵਾਰ ਸਰਕਾਰ ਵੱਲੋਂ ਪੰਜਾਬੀ ਸਭਿਆਚਾਰ ਨੂੰ ਇੰਨੇ ਵੱਡੇ ਪੱਧਰ 'ਤੇ ਉਭਾਰਨ ਦਾ ਯਤਨ ਕੀਤਾ ਗਿਆ। ਇਸ ਮੌਕੇ ਆਪਣੀ ਖੁਸ਼ੀ ਜ਼ਾਹਿਰ ਕਰਦੇ ਹੋਏ, ਬਲ ਮਲਕੀਤ ਸਿੰਘ, ਏਗਜ਼ਿਕਉਟਿਵ ਚੇਅਰਮੈਨ, ਮਹਾਰਾਸ਼ਟਰ ਰਾਜ ਪੰਜਾਬੀ ਸਾਹਿਤ ਅਕੈਡਮੀ, ਨੇ ਮਹਾਰਾਸ਼ਟਰ ਸਰਕਾਰ, ਵਿਅਕਤੀਗਤ ਮਹਿਮਾਨਾਂ, ਕਲਾਕਾਰਾਂ ਅਤੇ ਜਨਤਾ ਦਾ ਤਹਿ ਦਿਲੋਂ ਧੰਨਵਾਦ ਕੀਤਾ, ਜਿਸ ਕਰਕੇ ਇਹ ਮੇਲਾ ਇੱਕ ਇਤਿਹਾਸਕ ਮੀਲ ਪੱਥਰ ਬਣਿਆ। ਉਨ੍ਹਾਂ ਕਿਹਾ ਇਹ ਮੇਲਾ ਪੰਜਾਬ ਅਤੇ ਮਹਾਰਾਸ਼ਟਰ ਦੀ ਏਕਤਾ ਅਤੇ ਸਾਂਝੀ ਵਿਰਾਸਤ ਦਾ ਜੀਵੰਤ ਪ੍ਰਤੀਕ ਸੀ। ਲੋਕਾਂ ਦੀ ਭਾਵਨਾਤਮਕ ਸ਼ਮੂਲੀਅਤ ਨੇ ਇਸ ਸਮਾਗਮ ਨੂੰ ਇੱਕ ਅਣਭੁੱਲੀ ਯਾਦ ਬਣਾਇਆ। ਅਸੀਂ ਆਉਣ ਵਾਲੇ ਸਾਲਾਂ ਵਿੱਚ ਵੀ ਇਸ ਤਰ੍ਹਾਂ ਦੇ ਸਮਾਗਮ ਕਰਾਉਣ ਲਈ ਵਚਨਬੱਧ ਹਾਂ। ਇਹ ਪੰਜਾਬੀ ਸਭਿਆਚਾਰ ਮੇਲਾ 2025, ਸਭਿਆਚਾਰਕ ਵੰਸ਼ਵਾਦ ਨੂੰ ਉਤਸ਼ਾਹਿਤ ਕਰਦਿਆਂ, ਵਿਭਿੰਨ ਭਾਸ਼ਾਵਾਂ, ਲੋਕ ਗੀਤ-ਰਿਵਾਜਾਂ ਅਤੇ ਜਨਤਕ ਏਕਤਾ ਨੂੰ ਹੋਰ ਮਜ਼ਬੂਤ ਬਣਾਉਣ ਵਿੱਚ ਇੱਕ ਨਵੇਂ ਯੁਗ ਦੀ ਸ਼ੁਰੂਆਤ ਕਰ ਚੁੱਕਾ ਹੈ। ਅਸੀਂ ਮਹਾਰਾਸ਼ਟਰ ਸਰਕਾਰ, ਮਹਿਮਾਨਾਂ, ਕਲਾਕਾਰਾਂ, ਸੇਵਾਦਾਰਾਂ ਅਤੇ ਹਾਜ਼ਰ ਦਰਸ਼ਕਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦੇ ਹਾਂ, ਜਿਨ੍ਹਾਂ ਨੇ ਇਹ ਮੇਲਾ ਸ਼ਾਨਦਾਰ ਤਰੀਕੇ ਨਾਲ ਸਫਲ ਬਣਾਇਆ।

### ਗੁਰਦੁਵਾਰਾ ਸਿੰਘਾਂ ਸਹੀਦਾ ਅਲੋਵਾਲ ਫਿਲੌਰ ਵਿਖੇ ਹਫਤਾਵਾਰੀ ਸਮਾਗਮ 'ਚ

# ਸੈਕੜੇ ਸੰਗਤਾਂ ਨੇ ਹਾਜਰੀ ਲਵਾਈ : ਸੰਤ ਸੁਖਵਿੰਦਰ ਸਿੰਘ ਅਲੋਵਾਲ



**ਜੰਡਿਆਲਾ ਗੁਰੂ 31 ਮਾਰਚ ( ਕੁਲਵੰਤ ਸਿੰਘ ਵਿਰਦੀ)**- ਗੁਰਦੁਵਾਰਾ ਸਿੰਘਾ ਸਹੀਦਾ ਅਲੋਵਾਲ ਫਿਲੌਰ ਦੇ ਸੰਤਾਂ ਮਹਾਪੁਰਸਾ ਵਲੋ ਹਰ ਹਫਤੇ ਸੰਗਤਾਂ ਵਲੋ ਰਖਵਾਏ ਅਖੰਡ ਪਾਠਾ ਤੋਂ ਉਪਰੰਤ ਕੀਰਤਨ ਕਰਵਾਇਆਂ ਜਾਦਾ ਹੈ ਸੰਗਤਾਂ ਨੂੰ ਗੁਰਬਾਣੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਸੰਗਤਾ ਨੂੰ ਜੋੜਿਆਂ ਜਾਦਾ ਹੈ ਅਤੇ ਇਸ ਹਫਤਾਵਾਰੀ ਸਮਾਗਮ 'ਚ ਤਿੰਨ ਸ੍ਰੀ ਅਖੰਡ ਪਾਠਾਂ ਦੇ ਭੋਗ ਪਾਉਣ ਤੋ ਉਪਰੰਤ ਗੁਰੂ ਘਰ ਦੇ ਹਜੂਰੀ ਰਾਗੀ ਜਥੇ ਵਲੋ ਸਬਦ ਗੁਰਬਾਣੀ ਕੀਰਤਨ ਨਾਲ ਨਿਹਾਲ ਕੀਤਾ ਗਿਆਇਸ ਮੌਕੇ ਮੁਖ ਪ੍ਰਬੰਧਕ ਸੰਤ ਸੁਖਵਿੰਦਰ ਸਿੰਘ ਜੀ ਨੇ ਸ੍ਰੀ ਅਖੰਡ ਪਾਠ ਸਰਧਾਲੂਆਂ ਤੇ ਕੀਰਤਨੀ ਜਥਿਆਂ ਨੂੰ ਸਿਰਪਾਓ ਦੇ ਕਿ ਨਿਵਾਜਿਆਂ ਗਿਆ ਤੇ ਆਈਆਂ ਸੰਗਤਾਂ ਨੂੰ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ ਇਸ ਸਬੰਧੀ ਪਰੈਸ ਨੂੰ ਜਾਣਕਾਰੀ ਆਲ ਇੰਡੀਆਂ ਸਿਖ ਸਟੂਡੈਟਸ ਫੈਡਰੇਸਨ ਖਾਲਸਾ ਦੇ ਕੌਮੀ ਪਰਧਾਨ ਭਾਈ ਵਿਰਸਾ ਸਿੰਘ ਖਾਲਸਾ ਮੁਖ ਪਰਬੰਧਕ ਸੰਤ ਸੁਖਵਿੰਦਰ ਸਿੰਘ ਜੀ ਅਲੋਵਾਲ ਨਾਲ ਫੋਨ ਤੇ ਗੱਲਬਾਤ ਕਰਨ ਤੋ ਉਪਰੰਤ ਇਕ ਲਿਖਤੀ ਪਰੈਸ ਬਿਆਨ ਰਾਹੀ ਦਿਤੀ ।

# ਹੈੱਡਮਾਸਟਰ ਸੁਖਵਿੰਦਰ ਸਿੰਘ ਨੇ ਧੂਮ ਧੜੱਕੇ ਨਾਲ ਚੰਨਣਕੇ ਸਕੂਲ 'ਚ ਕੀਤਾ ਜੋਆਇਨ




**ਚੌਕ ਮਹਿਤਾ, 31 ਮਾਰਚ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਸਥਾਨਕ ਸਰਕਾਰੀ ਹਾਈ ਸਕੂਲ ਚੰਨਣਕੇ ਵਿਖੇ ਸਰਦਾਰ ਸੁਖਵਿੰਦਰ ਸਿੰਘ ਵੱਲੋਂ ਬਤੌਰ ਹੈੱਡਮਾਸਟਰ ਜੋਆਇਨ ਕਰ ਲਿਆ ਗਿਆ। ਵਰਣਨ ਯੋਗ ਹੈ ਕਿ ਅਰਜਨਮਾਂਗਾ ਦੇ ਵਸਨੀਕ ਸੁਖਵਿੰਦਰ ਸਿੰਘ ਲੰਬੇ ਸਮੇਂ ਤੋਂ ਸਿੱਖਿਆ ਵਿਭਾਗ ਵਿੱਚ ਸੇਵਾ ਨਿਭਾ ਰਹੇ ਹਨ ਅਤੇ ਪ੍ਰਮੋਸ਼ਨ ਤੋਂ ਪਹਿਲਾਂ ਉਹ ਸਰਕਾਰੀ ਹਾਈ ਸਕੂਲ ਨਵਾਂ ਤਨੇਲ ਵਿਖੇ ਬਤੌਰ ਐਸਐਸ ਮਾਸਟਰ ਸੇਵਾ ਨਿਭਾ ਰਹੇ ਸਨ। ਉਨ੍ਹਾਂ ਦੇ ਸਮਾਜ ਸੇਵੀ ਹੋਣ ਦਾ ਪਤਾ ਇਸ ਗੱਲ ਤੋਂ ਚਲਦਾ ਹੈ ਕਿ ਉਨ੍ਹਾਂ ਨੂੰ ਚੰਨਣਕੇ ਸਕੂਲ 'ਚ ਹਾਜ਼ਰ ਕਰਾਉਣ ਲਈ ਕਾਰਾਂ ਦਾ ਇੱਕ ਲੰਬਾ ਕਾਫ਼ਲਾ ਨਾਲ ਆਇਆ ਸੀ। ਉਨ੍ਹਾਂ ਨਾਲ ਉਨ੍ਹਾਂ ਦੇ ਧਰਮ ਪਤਨੀ ਸ਼੍ਰੀਮਤੀ ਕੁਲਦੀਪ ਕੌਰ, ਮਾਤਾ ਜੀ ਸੁਰਿੰਦਰ ਕੌਰ, ਭਰਾ ਅਮਰਜੀਤ ਸਿੰਘ, ਸਰਬਜੀਤ ਸਿੰਘ, ਭੁਪਿੰਦਰ ਸਿੰਘ, ਭਤੀਜਾ ਬਿਕਰਮ ਸਿੰਘ, ਪ੍ਰਿੰਸਪਲ ਸਿੰਘ, ਭਾਣਜਾ ਹਰਵਿੰਦਰ ਸਿੰਘ ਆਦਿ ਰਿਸ਼ਤੇਦਾਰ ਆਏ ਸਨ। ਹੈੱਡਮਾਸਟਰ ਸੁਖਵਿੰਦਰ ਸਿੰਘ ਦੇ ਘਰ ਹੋਣਹਾਰ ਬੇਟੀ ਕਿਰਨਦੀਪ ਕੌਰ ਅਤੇ ਸਪੁੱਤਰ ਗਗਨਦੀਪ ਸਿੰਘ ਵਿਦੇਸ਼ਾਂ 'ਚ ਸਟੱਡੀ ਕਰ ਰਹੇ ਹਨ। ਇਸ ਮੌਕੇ ਸਕੂਲ ਦੇ ਸੀਨੀਅਰ ਅਧਿਆਪਕ ਰਣਜੀਤ ਸਿੰਘ, ਰਸ਼ਪਾਲ ਸਿੰਘ, ਜਗਦੇਵ ਸਿੰਘ, ਮੈਡਮ ਰਾਜਵਿੰਦਰ ਕੌਰ, ਗੁਰਪ੍ਰੀਤ ਕੌਰ, ਜੋਬਨਜੀਤ ਕੌਰ, ਭੁਪਿੰਦਰ ਕੌਰ, ਰਜਵੰਤ ਕੌਰ, ਬਿੰਦੀਆ ਰਾਣੀ ਵੱਲੋਂ ਜੀ ਆਇਆਂ ਕਿਹਾ ਗਿਆ। ਉਨ੍ਹਾਂ ਨਾਲ ਆਈਆਂ ਸ਼ਖਸ਼ੀਅਤਾਂ ਸਾਬਕਾ ਸਰਪੰਚ ਸੁਰਿੰਦਰ ਸਿੰਘ, ਪ੍ਰਿੰਸੀਪਲ ਸ਼ਿਵਚਰਨ ਸਿੰਘ, ਹੈੱਡਮਾਸਟਰ ਹਰਦੀਪ ਸਿੰਘ, ਲੈਕਚਰਾਰ ਭਜਨ ਸਿੰਘ, ਨਰਿੰਦਰ ਰਾਏ, ਚਰਨਜੀਤ ਸਿੰਘ, ਗੁਰਪ੍ਰੀਤ ਸਿੰਘ ਨਾਭਾ, ਡਾ ਮਨਮੋਹਣ ਸਿੰਘ ਵੱਲੋਂ ਹੈੱਡਮਾਸਟਰ ਸੁਖਵਿੰਦਰ ਸਿੰਘ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਲੈਕਚਰਾਰ ਦਿਲਬਾਗ ਸਿੰਘ, ਜਗਦੀਪ ਸਿੰਘ ਚੰਨਣਕੇ, ਜਸਵੰਤ ਸਿੰਘ ਨਵਾਂ ਤਨੇਲ, ਰਮਨ ਕੁਮਾਰ, ਹੀਰਾ ਸਿੰਘ, ਕੁੱਕ ਸੁਰਿੰਦਰ ਕੌਰ ਅਤੇ ਕੁਲਵੰਤ ਕੌਰ ਆਦਿ ਹਾਜ਼ਰ ਸਨ।

# ਗੁਰਦੁਆਰਾ ਟਾਹਲਾ ਸਾਹਿਬ ਨਹਿਰ ਪੁਲ ਤਰਸਿੱਕਾ ਵਿੱਖੇ ਸਹੀਦਾਂ ਦੀ ਯਾਦ ਵਿੱਚ ਚੌਪਾਹਿਰਾ ਸਾਹਿਬ ਹਰ ਐਤਵਾਰ : ਸੰਤ ਬਾਬਾ ਗੁਰਦੀਪ ਸਿੰਘ ਜੀ ਤਰਸਿੱਕਾ



**ਚੌਕ ਮਹਿਤਾ, 31 ਮਾਰਚ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਬ੍ਰਹਮ ਗਿਆਨੀ ਸ੍ਰੀ ਮਾਨ ਸੰਤ ਬਾਬਾ ਕਰਮ ਸਿੰਘ ਜੀ ਤੱਪ ਅਸਥਾਨ ਪਵਿੱਤਰ ਪਾਵਨ ਅਸਥਾਨ ਗੁਰਦੁਆਰਾ ਟਾਹਲਾ ਸਾਹਿਬ ਨਹਿਰ ਪੁਲ ਤਰਸਿੱਕਾ ਵਿੱਖੇ ਮੌਜੂਦਾ ਮੁੱਖੀ ਸ੍ਰੀ ਮਾਨ ਸੰਤ ਬਾਬਾ ਗੁਰਦੀਪ ਸਿੰਘ ਜੀ ਅਗਵਾਈ ਹੇਠ ਸਹੀਦਾ ਸਿੰਘਾਂ ਦੀ ਯਾਦ ਵਿੱਚ ਹਰ ਐਤਵਾਰ ਚੌਪਾਹਿਰਾ ਸਾਹਿਬ, ਪਵਿੱਤਰ ਪਾਵਨ ਗੁਰਬਾਣੀ ਸੁੱਖਮਨੀ ਸਾਹਿਬ, ਚੋਪਈ ਸਾਹਿਬ, ਜਪੁਜੀ ਸਾਹਿਬ, ਆਨੰਦ ਸਾਹਿਬ ਅਤੇ ਸਤਿਨਾਮ ਵਾਹਿਗੁਰੂ ਜੀ ਜਾਪੁ ਕੀਤਾ ਜਾਂਦਾ ਹੈ। ਸਮੂਹ ਇਲਾਕੇ ਦੀਆਂ ਸੰਗਤਾਂ ਨੂੰ ਸੰਤ ਬਾਬਾ ਗੁਰਦੀਪ ਸਿੰਘ ਤਰਸਿੱਕਾ ਵੱਲੋਂ ਬੇਨਤੀ ਹੈ ਕਿ ਹਰ ਐਤਵਾਰ ਨੂੰ ਵੱਧ ਤੋਂ ਵੱਧ ਹਾਜਰੀਆ ਭਰਕੇ ਸਹੀਦਾ ਸਿੰਘਾਂ ਦੀਆਂ ਖੁਸੀਆ ਪ੍ਰਾਪਤ ਕਰਨ, ਸਰਦਾਈ ਬਦਾਮਾ ਵਾਲੀ ਦੇ ਖੁੱਲੇ ਲੰਗਰ ਲਾਏ ਜਾਂਦੇ ਹਨ।

# ਖਰੜ ਸਬ ਡਵੀਜ਼ਨ ਤਹਿਤ ਆਉਦੀਆਂ 'ਚ ਮੰਡੀਆਂ 'ਚ ਕਣਕ ਦੀ ਖਰੀਦ ਲਈ ਪੁਖਤਾ ਪ੍ਰਬੰਧ ਕੀਤੇ: ਗੁਰਮੰਦਰ ਸਿੰਘ

**ਖਰੜ, 31 ਮਾਰਚ (ਆਵਾਜ਼ਿ ਕੌਮ ਬਿਊਰੋ)**-ਐਸ.ਡੀ.ਐਮ.ਖਰੜ ਗੁਰਮੰਦਰ ਸਿੰਘ ਨੇ ਦਸਿਆ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮੰਡੀਆਂ ਵਿਚ ਕਣਕ ਦੀ ਖਰੀਦ ਕਰਨ ਲਈ ਸਬ ਡਵੀਜ਼ਨ ਖਰੜ ਤਹਿਤ ਪੈਦੀਆਂ ਅਨਾਜ ਮੰਡੀਆਂ ਖਰੜ, ਕੁਰਾਲੀ ਅਤੇ ਇਨ੍ਹਾਂ ਮੰਡੀਆਂ ਵਿਚ ਤਹਿਤ ਪੈਂਦੇ ਸਬ ਯਾਰਡਾਂ ਵਿਚ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ ਅਤੇ ਸਰਕਾਰ ਵਲੋਂ ਕਣਕ ਦੀ ਫਸਲ ਦਾ ਭਾਅ 2425 ਰੁਪਏ ਨਿਰਧਾਰਿਤ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦਸਿਆ ਕਿ ਅਨਾਜ ਮੰਡੀ ਖਰੜ ਵਿਚ ਪਨਗਰੇਨ, ਮਾਰਕਫੈਡ, ਪਨਸਪ, ਦਾਊ ਮਾਜਰਾ ਸਬ ਯਾਰਡ ਵਿਚ ਪਨਗਰੇਨ, ਪਨਸਪ ਅਤੇ ਰੁੜਕੀ ਪੁਖਤਾ ਸਬ ਯਾਰਡ ਵਿਚ ਵੇਅਰ ਹਾਊਸ ਵਿਚ ਸਰਕਾਰੀ ਖਰੀਦ ਏਜੰਸੀਆਂ ਕਣਕ ਦੀ ਖਰੀਦ ਕਰਨਗੀਆਂ। ਉਨ੍ਹਾਂ ਦਸਿਆ ਕਿ ਇਸੇ ਤਰ੍ਹਾਂ ਅਨਾਜ ਮੰਡੀ ਕੁਰਾਲੀ ਵਿਚ ਪਨਗਰੇਨ, ਪਨਸਪ, ਮਾਰਕਫੈਡ,ਵੇਅਰਹਾਊਸ, ਖਿਜਰਾਬਾਦ ਮੰਡੀ ਵਿਚ ਐਫ.ਸੀ.ਆਈ., ਪਨਗਰੇਨ, ਮਾਰਕਫੈਡ, ਵੇਅਰ ਹਾਊਸ ਵਲੋਂ ਖਰੀਦ ਕੀਤੀ ਜਾਵੇਗੀ। ਉਨ੍ਹਾਂ ਦਸਿਆ ਕਿ ਮਾਰਕੀਟ ਕਮੇਟੀ ਖਰੜ, ਕੁਰਾਲੀ ਵਿਚ ਕਿਸਾਨਾਂ ਦੇ ਬੈਠਣ, ਪੀਣ ਵਾਲੇ ਪਾਣੀ, ਸਫਾਈ ਦਾ ਪ੍ਰਬੰਧ ਅਤੇ ਸਹਾਇਕ ਖੁਰਾਕ ਤੇ ਸਪਲਾਈ ਅਫਸਰ ਖਰੜ, ਕੁਰਾਲੀ ਨੂੰ ਮੰਡੀਆਂ ਵਿਚ ਆੜ੍ਹਤੀਆਂ ਨੂੰ ਫੜ੍ਹਾਂ ਦੀ ਅਲਾਂਟਮੈਂਟ ਅਤੇ ਰੋਜ਼ਾਨਾਂ ਮੰਡੀਆਂ ਵਿਚ ਆਉਣ ਵਾਲੀ ਕਣਕ ਦੀ ਫਸਲ ਦੀ ਖਰੀਦ ਸਬੰਧੀ ਰੋਜ਼ਾਨਾ ਰਿਪੋਰਟ ਉਨ੍ਹਾਂ ਦੇ ਦਫਤਰ ਨੂੰ ਭੇਜਣਗੇ। ਉਨ੍ਹਾਂ ਦਸਿਆ ਕਿ ਖਰੀਦ ਪ੍ਰਬੰਧਕਾਂ ਵਿਚ ਕਿਸੇ ਵੀ ਪ੍ਰਕਾਰ ਦੀ ਜੇਕਰ ਕਿਤੇ ਕੋਈ ਕੁਤਾਹੀ ਪਾਈ ਜਾਂਦੀ ਹੈ ਤਾਂ ਕਿਸੇ ਨੂੰ ਬਖਸ਼ਿਆਂ ਨਹੀਂ ਜਾਵੇਗਾ ਅਤੇ ਸਖਤ ਕਾਰਵਾਈ ਕੀਤੀ ਜਾਵੇਗੀ।

### ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਓਟ ਆਸਰੇ ਨਾਲ ਸ਼ੁਰੂ ਕੀਤੇ ਜੀਵਨ ਦੇ ਸਾਰੇ ਕਾਰਜ ਸਫ਼ਲ ਹੁੰਦੇ

# ਫਸਲ ਤੇ ਕਮਾਈ'ਚ ਬਰਕਤ ਪੈਂਦੀ ਹੈ : ਸੰਤ ਸੁਖਵਿੰਦਰ ਸਿੰਘ ਆਲੋਵਾਲ





**ਜੰਡਿਆਲਾ ਗੁਰੂ 31 ( ਕੁਲਵੰਤ ਸਿੰਘ ਵਿਰਦੀ)**-ਹਰ ਨਾਨਕ ਨਾਮ ਲੇਵਾ ਸਿੱਖ ਸੰਗਤ ਨੂੰ ਆਪਣੇ ਸਾਰੇ ਕੰਮ ਕਾਰਜ਼ ਸ਼ੁਰੂ ਕਰਨ ਤੋਂ ਪਹਿਲਾਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈਣਾ ਚਾਹੀਦਾ ਹੈ ਅਤੇ ਸਾਰੇ ਧਰਮੀ ਸਿੱਖਾਂ ਨੂੰ ਅਜਿਹਾ ਕਰਨ ਦੀ ਲੋੜ ਤੇ ਜ਼ੋਰ ਦੇਣਾ ਚਾਹੀਦਾ ਹੈ,ਇਹ ਪ੍ਰਗਟਾਵਾ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਦੇ ਕੌਮੀ ਪ੍ਰਧਾਨ ਭਾਈ ਵਿਰਸਾ ਸਿੰਘ ਖਾਲਸਾ ਵੱਲੋਂ ਪਿੰਡ ਪੱਦੀ ਜਗੀਰ ਫਿਲੌਰ ਦੇ ਸ੍ਰ ਸਨਤੋਖ ਸਿੰਘ ਜੀ ਵੱਲੋਂ ਆਪਣੇ ਨਵੇਂ ਉਸਾਰੇ ਘਰ ਦਾ ਉਦਘਾਟਨ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਦੇ ਭੋਗ ਤੋਂ ਬਾਅਦ ਕੀਰਤਨ ਕਰਵਾਉਣ ਦੇ ਨਾਲ ਨਾਲ ਗੁਰਦੁਆਰਾ ਸਿੰਘਾਂ ਸ਼ਹੀਦਾਂ ਡੇਰਾ ਸੰਤ ਬਾਬਾ ਜਰਨੈਲ ਸਿੰਘ ਆਲੋਵਾਲ ਫਿਲੌਰ ਦੇ ਮੁੱਖੀ ਸੰਤ ਮਹਾਂਪੁਰਸ਼ ਬਾਬਾ ਸੁਖਵਿੰਦਰ ਸਿੰਘ ਜੀ ਤੋਂ ਅਰਦਾਸ ਕਰਵਾਉਣ ਵਾਲੇ ਧਾਰਮਿਕ ਕਾਰਜ ਦੀ ਸ਼ਲਾਘਾ ਤੇ ਇਸ ਨੂੰ ਸਮੇਂ ਦੀ ਲੋੜ ਵਾਲਾ ਕਾਰਜ਼ ਦੱਸਦਿਆਂ ਨੂੰ ਇੱਕ ਲਿਖਤੀ ਪ੍ਰੈਸ ਬਿਆਨ ਰਾਹੀਂ ਕੀਤਾ, ਭਾਈ ਖਾਲਸਾ ਨੇ ਦੱਸਿਆ ਪਿੰਡ ਪੱਦੀ ਜਗੀਰ ਫਿਲੌਰ ਦੇ ਧਰਮੀ ਸਿੱਖ ਸ੍ਰ ਸਨਤੋਖ ਸਿੰਘ ਜੀ ਤੇ ਪਰਮਾਤਮਾ ਨੇ ਕਿਰਪਾ ਕੀਤੀ ਤੇ ਉਹਨਾਂ ਨੇ ਆਪਣੀ ਕਿਰਤ ਕਮਾਈ'ਚ ਇੱਕ ਨਵਾਂ ਘਰ ਤਿਆਰ ਕਰਵਾਇਆ, ਭਾਈ ਖਾਲਸਾ ਨੇ ਦੱਸਿਆ ਗਰਮੁਖ ਪ੍ਰਵਾਰ ਵਲੋਂ ਇਸ ਘਰ ਵਿਚ ਰਹਿਣ ਤੋਂ ਪਹਿਲਾਂ ਪਰਸੋਂ ਦੇ ਰੋਜ਼ ਤੋਂ ਆਪਣੇ ਇਸ ਗ੍ਰਹਿ ਵਿਖੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨ ਪਵਾਏ ਅਤੇ ਸਹਿਜ ਪਾਠ ਸਾਹਿਬ ਆਰੰਭ ਕਰਵਾਏ, ਜਿੰਨਾ ਦੇ ਅੱਜ ਸੰਪੂਰਨ ਭੋਗ ਅਰਦਾਸ ਤੇ ਪਾਵਨ ਪਵਿੱਤਰ ਹੁਕਮ ਨਾਮੇ ਤੋਂ ਉਪਰੰਤ ਕਲਯੁਗ ਮੇ ਕੀਰਤਨ ਪ੍ਰਧਾਨਾ ਭਾਈ ਹਰਜੀਤ ਸਿੰਘ ਦੇ ਹਜ਼ੂਰੀ ਕੀਰਤਨੀ ਜਥੇ ਵੱਲੋਂ ਸ਼ਬਦ ਗੁਰਬਾਣੀ ਕੀਰਤਨ ਦੀ ਸੇਵਾ ਕੀਤੀ ਗਈ ਅਤੇ ਗੁਰਦੁਆਰਾ ਸਿੰਘਾਂ ਸ਼ਹੀਦਾਂ ਆਲੋਵਾਲ ਫਿਲੌਰ ਦੇ ਮੁੱਖੀ ਸੰਤ ਬਾਬਾ ਸੁਖਵਿੰਦਰ ਸਿੰਘ ਜੀ ਜੋ ਵਿਸ਼ੇਸ਼ ਸੱਦੇ ਪਹੁੰਚੇ ਹੋਏ ਸਨ ,ਵੱਲੋਂ ਸਤਿ ਗੁਰਾ ਦੇ ਸਨਮੁੱਖ ਅਰਦਾਸ ਕੀਤੀ ਗਈ,ਇਸ ਮੌਕੇ ਤੇ ਬੋਲਦਿਆਂ ਸਭ ਤੋਂ ਪਹਿਲਾਂ ਬਾਬਾ ਸੁਖਵਿੰਦਰ ਸਿੰਘ ਜੀ ਨੇ ਸ੍ਰ ਸਨਤੋਖ ਸਿੰਘ ਜੀ ਤੇ ਸਮੂਹ ਪ੍ਰਵਾਰ ਨੂੰ ਨਵਾਂ ਘਰ ਬਣਾਉਣ ਦੀ ਲੱਖ ਲੱਖ ਵਧਾਈ ਦਿੱਤੀ ਅਤੇ ਸਤਿਗੁਰੂ ਅੱਗੇ ਅਰਦਾਸ ਕੀਤੀ ਕਿ ਪ੍ਰਮਾਤਮਾ ਇਸ ਪ੍ਰਵਾਰ ਨੂੰ ਹਮੇਸ਼ਾ ਸੁਖ ਸ਼ਾਨਤੀ ਤੇ ਤਰੱਕੀ ਦੀ ਦਾਤ ਬਖਸ਼ੇ ਤੇ ਗੁਰੂ ਚਰਨ'ਚ ਜੋੜੀ ਰੱਖੇ,ਸੰਤ ਸੁਖਵਿੰਦਰ ਸਿੰਘ ਜੀ ਨੇ ਕਿਹਾ ਜੋਂ ਪ੍ਰਵਾਰ ਆਪਣੇ ਹਰ ਕਾਰਜ਼ ਸਮੇਂ ਗੁਰੂ ਸਾਹਿਬ ਜੀ ਦਾ ਓਟ ਆਸਰਾ ਲੈਂਦੇ ਹਨ ,ਉਨ੍ਹਾਂ ਦੇ ਪਰਮਾਤਮਾ ਦੀ ਕਿਰਪਾ ਨਾਲ ਸਾਰੇ ਕਾਰਜ਼ ਸਫਲ ਹੁੰਦੇ ਹਨ ,ਇਸ ਕਰਕੇ ਸਮੂਹ ਨਾਨਕ ਨਾਮ ਲੇਵਾ ਸੰਗਤਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਹਰ ਕੰਮ ਕਾਰਜ ਕਰਨ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈਣ ਦੀ ਲੋੜ ਤੇ ਜ਼ੋਰ ਦੇਣਾ ਦਿਆਂ ਕਰਨ,ਇਸ ਮੌਕੇ ਸ੍ਰ ਸਨਤੋਖ ਸਿੰਘ ਦੇ ਪ੍ਰਵਾਰ ਵਲੋਂ ਲੰਗਰ ਵੀ ਤਿਆਰ ਕੀਤਾ ਗਿਆ ਤੇ ਆਈਆਂ ਸੰਗਤਾਂ ਨੂੰ ਗੁਰ ਮਰਯਾਦਾ ਅਨੁਸਾਰ ਪੰਗਤਾਂ'ਚ ਬੈਠਾਕੇ ਛਕਾਇਆ ਗਿਆ,ਇਸ ਮੌਕੇ ਤੇ ਸ੍ਰ ਸੰਤੋਖ ਸਿੰਘ ਦੇ ਪ੍ਰਵਾਰ ਵਲੋਂ ਵਿਸ਼ੇਸ਼ ਸੱਦੇ ਪਹੁੰਚੇ ਸੰਤ ਸੁਖਵਿੰਦਰ ਸਿੰਘ ਜੀ ਦਾ ਸਨਮਾਨ ਵੀ ਕੀਤਾ ਗਿਆ ,ਇਸ ਮੌਕੇ ਤੇ ਸ੍ਰ ਸੰਤੋਖ ਸਿੰਘ, ਸ੍ਰ ਨਿਰਮਲ ਸਿੰਘ ਚਾਹਲ, ਸੁਖਵਿੰਦਰ ਸਿੰਘ ਗੱਡੂ,ਕਸਮੀਰਾ ਸਿੰਘ, ਗੁਰਪ੍ਰੀਤ ਸਿੰਘ, ਭਾਈ ਦਾਰਾ ਸਿੰਘ ਭਾਈ ਗੁਰਮੇਲ ਸਿੰਘ, ਭਾਈ ਰਿੰਕੂ ਆਦਿ ਹਾਜ਼ਰ ਸਨ।

### ਫਸਲਾਂ ਤੇ ਨਸਲਾਂ ਦੀ ਰਾਖੀ ਲਈ

# ਪੰਜਾਬ ਦੇ ਕਿਸਾਨ ਅਕਾਲੀ ਦਲ "ਵਾਰਿਸ ਪੰਜਾਬ ਦੇ" ਨਾਲ ਜੁੜਨ : ਤਰਨਦੀਪ ਸਿੰਘ

**ਸਪੇਨ 31 ਮਾਰਚ (ਆਵਾਜ਼ਿ ਕੌਮ ਬਿਊਰੋ)**-ਭਾਰਤ ਸਰਕਾਰ ਤੇ ਪੰਜਾਬ ਸਰਕਾਰ ਵੱਲੋਂ ਹੋ ਰਹੀ ਸ਼ਰੇਆਮ ਜ਼ਬਰ ਜ਼ੁਲਮ ਦੀਆਂ ਘਟਨਾਵਾਂ ਨੇ ਸਮੂਹ ਪੰਜਾਬੀਆਂ ਦੇ ਹੱਕਾਂ, ਧਰਮ ਤੇ ਨਸਲ ਨੂੰ ਖ਼ਤਰੇ ਵਿੱਚ ਪਾ ਦਿੱਤਾ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਭਾਈ ਅੰਮ੍ਰਿਤਪਾਲ ਸਿੰਘ

### ਭਾਈ ਅੰਮ੍ਰਿਤਪਾਲ ਸਿੰਘ ਜੀ ਹੀ ਪੰਜਾਬ ਦੇ ਲੋਕਾਂ ਦੀਆਂ ਧਾਰਮਿਕ ਤੇ ਸਮਾਜਿਕ ਮੁਸ਼ਿਕਲਾਂ ਦਾ ਇਕੋ ਇਕ ਹੱਲ




ਜੀ ਅਤੇ ਉਹਨਾਂ ਖੇਤਰੀ ਪਾਰਟੀ ਅਕਾਲੀ ਦਲ ਵਾਰਿਸ ਪੰਜਾਬ ਦੇ ਸਮਰਥਕ ਭਾਈ ਤਰਨਦੀਪ ਸਿੰਘ ਜੀ ਨੇ ਕੀਤਾ। ਉਹਨਾਂ ਕਿਹਾ ਕਿ ਪਿਛਲੇ ਕਿਸਾਨ ਅੰਦੋਲਨ ਦੌਰਾਨ ਕੇਂਦਰ ਸਰਕਾਰ ਨੇ ਐਮ.ਐਸ.ਪੀ. (ਨਿਯੰਤਰਿਤ ਨਿਊਨਤਮ ਭਾਵ) ਦੇਣ ਦਾ ਵਾਅਦਾ ਕੀਤਾ ਸੀ, ਪਰ ਅੱਜ ਤੱਕ ਪੰਜਾਬ ਦੇ ਕਿਸਾਨਾਂ ਨੂੰ ਉਹ ਹੱਕ ਨਹੀਂ ਦਿੱਤਾ ਗਿਆ। ਉਲਟਾ, ਜਦੋਂ ਕਿਸਾਨ ਆਪਣੀਆਂ ਹੱਕੀ ਮੰਗਾਂ ਲਈ ਖਨੌਰੀ ਬਾਰਡਰ 'ਤੇ ਪੁੱਜੇ, ਤਾਂ ਪੰਜਾਬ ਸਰਕਾਰ ਨੇ ਕੇਂਦਰ ਨਾਲ ਮਿਲ ਕੇ ਉਹਨਾਂ ਦੇ ਧਰਨੇ ਨੂੰ ਜ਼ਬਰਦਸਤੀ ਚੁੱਕਵਾ ਦਿੱਤੇ। ਪੰਜਾਬ ਪੁਲਿਸ ਨੇ ਲਾਠੀਚਾਰਜ, ਗ੍ਰਿਫਤਾਰੀਆਂ ਤੇ ਨਵੀਆਂ ਨਾਦਰਸ਼ਾਹੀ ਨੀਤੀਆਂ ਨੇ ਪੂਰੇ ਪੰਜਾਬ ਨੂੰ ਹਿਲਾ ਕੇ ਰੱਖ ਦਿੱਤਾ ਹੈ। ਕਿਸਾਨਾਂ ਦੀਆਂ ਅਣਅਧਿਕਾਰਿਤ ਗ੍ਰਿਫ਼ਤਾਰੀਆਂ ਅਤੇ ਉਨ੍ਹਾਂ ਉੱਤੇ ਤਸ਼ੱਦਦ ਕੀਤਾ ਗਿਆ ਜੋ ਬਿਲਕੁਲ ਗੈਰ ਕਨੂੰਨੀ ਤੇ ਅਣਮਨੁੱਖੀ ਵਤੀਰਾ ਹੈ। ਕਿਸਾਨਾਂ ਵੱਲੋਂ ਖਨੌਰੀ ਧਰਨੇ ਦੌਰਾਨ ਕੀਤੇ ਜਾ ਰਹੇ ਸ਼੍ਰੀ ਅਖੰਡ ਸਾਹਿਬ ਦੇ ਪਾਠ ਨੂੰ ਵੀ ਅੱਧ ਵਿਚਕਾਰ ਰੋਕਿਆ ਗਿਆ, ਜੋ ਕਿ ਸਿੱਖ ਧਰਮ ਉੱਤੇ ਵੀ ਸਿੱਧਾ ਹਮਲਾ ਹੈ।ਕਿਸਾਨਾਂ ਦੇ ਵਾਹਨ ਜਬਤ ਕਰ ਲਏ ਗਏ। ਇਥੇ ਹੀ ਬੱਸ ਨਹੀਂ ਪੰਜਾਬ ਸਰਕਾਰ ਦੇ ਹੁਕਮਾਂ ਤੇ ਪੰਜਾਬ ਪੁਲਿਸ ਵੱਲੋਂ ਨਵਾਂ ਨਾਦਰਸ਼ਾਹੀ ਹੁਕਮ ਹੈ ਕੋਈ ਵੀ ਕਿਸਾਨ ਆਪਣੀਆਂ ਮੰਗਾਂ ਲਈ ਅੱਗੇ ਆਇਆ ਤਾਂ ਉਹਨੂੰ ਜੇਲ ਵਿੱਚ ਸੁੱਟ ਦਿੱਤਾ ਜਾਵੇਗਾ।ਪੰਜਾਬ ਵਿੱਚ ਸਿੱਖ ਨੌਜਵਾਨਾਂ ਨੂੰ ਪਤਿੱਤ ਪੁਣੇ ਤੋਂ ਵਰਜ ਕੇ ਗੁਰੂ ਨਾਲ ਜੋੜਨ ਵਾਲੇ ਤੇ ਨਸ਼ਿਆਂ ਤੋਂ ਰੋਕਣ ਵਾਲੇ ਭਾਈ ਅੰਮ੍ਰਿਤਪਾਲ ਸਿੰਘ ਤੇ ਉਹਨਾਂ ਦੇ ਸਾਥੀਆਂ ਨਾਲ ਵੀ ਇਹੀ ਕੁਝ ਹੋਇਆ। ਭਾਈ ਅੰਮ੍ਰਿਤਪਾਲ ਸਿੰਘ, ਜੋ ਕਿ ਪੰਜਾਬ ਦੀ ਆਜ਼ਾਦੀ, ਨੌਜਵਾਨਾਂ ਦੇ ਹੱਕਾਂ ਅਤੇ ਧਾਰਮਿਕ ਅਜ਼ਾਦੀ ਲਈ ਲੜ ਰਹੇ ਸਨ, ਉਨ੍ਹਾਂ ਨੂੰ NSA ਅਤੇ UAPA ਅਧੀਨ ਝੂਠੇ ਮਾਮਲਿਆਂ ਵਿੱਚ ਫਸਾ ਕੇ ਜੇਲਾਂ ਵਿੱਚ ਸੁੱਟ ਦਿੱਤਾ ਗਿਆ। ਉਨ੍ਹਾਂ ਦੇ ਸੈਂਕੜੇ ਸਾਥੀਆਂ ਨੂੰ ਤਸ਼ੱਦਦ ਕਰਕੇ ਬਿਨਾਂ ਕਿਸੇ ਕਾਰਨ ਦੇ ਕਈ ਮਹੀਨਿਆਂ ਤਕ ਗੁੰਮ ਰੱਖਿਆ ਗਿਆ। ਇਹ ਸਾਰੇ ਹਮਲੇ ਸਿਰਫ਼ ਕਿਸਾਨਾਂ ਤੇ ਨਹੀਂ, ਸਗੋਂ ਸਿੱਖੀ, ਪੰਜਾਬ ਤੇ ਭਵਿੱਖੀ ਪੀੜ੍ਹੀਆਂ ਉੱਤੇ ਵੀ ਹਨ। ਇਸਦਾ ਹੁਣ ਹੱਲ ਇਕੋ ਇਕ ਹੱਲ ਹੈ ਕਿ ਇਸ ਤਾਨਾਸ਼ਾਹੀ ਸਰਕਾਰ ਨੂੰ ਹੁਣ ਹਟਾਉਣਾ ਜ਼ਰੂਰੀ ਹੋ ਗਿਆ ਹੈ।ਅਸੀਂ ਸਾਰੇ ਕਿਸਾਨ, ਨੌਜਵਾਨ, ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਨੂੰ ਅਪੀਲ ਕਰਦੇ ਹਾਂ ਕਿ ਫਸਲਾਂ ਅਤੇ ਨਸਲਾਂ ਦੀ ਰਾਖੀ ਲਈ ਸਾਰੇ "ਅਕਾਲੀ ਦਲ ਵਾਰਿਸ ਪੰਜਾਬ ਦੇ" ਨਾਲ ਜੁੜਨ। ਭਾਈ ਅੰਮ੍ਰਿਤਪਾਲ ਸਿੰਘ ਜੀ ਪਾਰਟੀ ਹੀ ਪੰਜਾਬ ਦੇ ਸਾਰੇ ਮਸਲਿਆਂ ਦਾ ਇਕੋ ਇਕ ਹੱਲ ਹੈ।

# ਹਠੂਰ ਦੇ ਸੱਤਿਆ ਐਲੀਮੈਂਟਰੀ ਸਕੂਲ ਵਿੱਚ ਸਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ

### ਪੁਜੀਸ਼ਨਾਂ ਹਾਸਲ ਕਰਨ ਵਾਲੇ ਬੱਚਿਆਂ ਨੂੰ ਕੀਤਾ ਗਿਆ ਸਨਮਾਨਿਤ










ਜਗਰਾਉਂ -(ਵਰਿਆਮ ਹਠੂਰ) ਇਤਿਹਾਸਕ ਕਸਬਾ ਹਠੂਰ ਦੇ ਸੱਤਿਆ ਐਲੀਮੈਂਟਰੀ ਸਕੂਲ ਵਿੱਚ ਸਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ, ਤੇ ਬੱਚਿਆਂ ਦਾ ਨਤੀਜਾ ਘੋਸ਼ਿਤ ਕੀਤਾ ਗਿਆ, ਇਸ ਮੌਕੇ ਮੁੱਖ ਮਹਿਮਾਨ ਵਜੋਂ ਗੁਰੂ ਕਿਰਪਾ ਰਾਇਸ ਮਿੱਲ ਤੋਂ ਸਮਾਜ ਸੇਵੀ ਸਰਦਾਰ ਦਵਿੰਦਰ ਸਿੰਘ ਬੱਬੀ ਗਰੇਵਾਲ ਹਠੂਰ, ਸਰਪੰਚ ਜਸਕਮਲਪ੍ਰੀਤ ਸਿੰਘ ਨਿੱਪਾ ਹਠੂਰ ਅਤੇ ਸਮੂਹ ਗ੍ਰਾਮ ਪੰਚਾਇਤ ਨੇ ਸਨਮਾਨ ਸਮਾਰੋਹ ਵਿੱਚ ਸ਼ਮੂਲੀਅਤ ਕੀਤੀ, ਅਤੇ ਸ਼ਹੀਦ ਬਾਬਾ ਜੀਵਨ ਸਿੰਘ ਕਲੱਬ ਅਤੇ ਬੱਚਿਆਂ ਦੇ ਮਾਪਿਆਂ ਨੇ ਵੀ ਆਪਣੀ ਹਾਜ਼ਰੀ ਭਰੀ, ਪੁਜੀਸ਼ਨਾਂ ਹਾਸਲ ਕਰਨ ਵਾਲੇ ਬੱਚਿਆਂ ਨੂੰ ਵਿਸ਼ੇਸ਼ ਤੌਰ ਤੇ ਤਾੜੀਆਂ ਦੀ ਗੂੰਜ ਵਿੱਚ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ, ਇਸ ਮੌਕੇ ਮੁੱਖ ਮਹਿਮਾਨ ਵਜੋਂ ਗੁਰੂ ਕਿਰਪਾ ਰਾਇਸ ਮਿੱਲ ਤੋਂ ਪੁੱਜੇ ਸਮਾਜ ਸੇਵੀ ਦਵਿੰਦਰ ਸਿੰਘ ਬੱਬੀ ਗਰੇਵਾਲ ਹਠੂਰ, ਅਤੇ ਸਰਪੰਚ ਜਸਕਮਲਪ੍ਰੀਤ ਸਿੰਘ ਨਿੱਪਾ ਹਠੂਰ ਨੇ ਸਟੇਜ ਤੋਂ ਪੁਜੀਸ਼ਨਾਂ ਹਾਸਲ ਕਰਨ ਵਾਲੇ ਬੱਚਿਆਂ ਨੂੰ ਮੁਬਾਰਕਾਂ ਦਿੱਤੀਆਂ, ਅਤੇ ਸਮੂਹ ਬੱਚਿਆਂ ਨੂੰ ਵਿੱਦਿਆ ਦੇ ਖੇਤਰ ਵਿੱਚ ਚੰਗੀ ਮਿਹਨਤ ਕਰਕੇ ਅੱਗੇ ਵਾਸਤੇ ਵੀ ਵਧੀਆ ਨੰਬਰ ਲਿਆਉਣ ਲਈ ਹੌਸਲਾ ਅਫਜ਼ਾਈ ਕੀਤਾ, ਤੇ ਦੂਜੇ ਬੱਚਿਆਂ ਨੂੰ ਵੀ ਚੰਗੀ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ, ਸ: ਦਵਿੰਦਰ ਸਿੰਘ ਬੱਬੀ ਗਰੇਵਾਲ ਨੇ ਜਿੱਥੇ ਬੱਚਿਆਂ ਵਾਸਤੇ ਪ੍ਰਾਈਜ਼ ਲਿਆਉਣ ਦੀ ਸੇਵਾ ਕਰਨ ਲਈ ਸ਼ਹੀਦ ਬਾਬਾ ਜੀਵਨ ਸਿੰਘ ਕਲੱਬ ਦੀ ਸ਼ਲਾਘਾ ਕੀਤੀ ਉੱਥੇ ਸ਼ਹੀਦ ਬਾਬਾ ਜੀਵਨ ਸਿੰਘ ਕਲੱਬ ਮੈਂਬਰਾਂ ਨੂੰ ਸ: ਦਵਿੰਦਰ ਸਿੰਘ ਬੱਬੀ ਗਰੇਵਾਲ ਨੇ 11000 ਰੁਪਏ ਦੀ ਮਦਦ ਕੀਤੀ, ਕਲੱਬ ਮੈਂਬਰਾਂ ਵੱਲੋਂ ਸ: ਦਵਿੰਦਰ ਸਿੰਘ ਬੱਬੀ ਗਰੇਵਾਲ ਦਾ ਧੰਨਵਾਦ ਕੀਤਾ ਗਿਆ, ਪੁਜੀਸ਼ਨਾਂ ਹਾਸਲ ਕਰਨ ਵਾਲੇ ਬੱਚਿਆਂ ਦੇ ਚਿਹਰਿਆਂ ਤੇ ਖੁਸ਼ੀ ਨਜ਼ਰ ਆਈ ਤੇ ਪੰਚ ਜਗਦੇਵ ਸਿੰਘ ਬੱਬੂ ਗਰੇਵਾਲ ਨੇ ਵੀ ਪੁਜੀਸ਼ਨਾਂ ਹਾਸਲ ਕਰਨ ਵਾਲੇ ਬੱਚਿਆਂ ਨੂੰ ਵਧਾਈਆਂ ਦਿੱਤੀਆਂ, ਇਸ ਮੌਕੇ ਹੈੱਡ ਟੀਚਰ ਮੈਡਮ ਸੀਮਾ ਰਾਣੀ ਨੇ ਜਿੱਥੇ ਸਮਾਜ ਸੇਵੀ ਸ: ਦਵਿੰਦਰ ਸਿੰਘ ਬੱਬੀ ਗਰੇਵਾਲ ਹਠੂਰ, ਅਤੇ ਸਰਪੰਚ ਜਸਕਮਲਪ੍ਰੀਤ ਸਿੰਘ ਨਿੱਪਾ ਹਠੂਰ ਅਤੇ ਗ੍ਰਾਮ ਪੰਚਾਇਤ ਦਾ ਧੰਨਵਾਦ ਕੀਤਾ ਉੱਥੇ ਸ਼ਹੀਦ ਬਾਬਾ ਜੀਵਨ ਸਿੰਘ ਕਲੱਬ ਦਾ ਵੀ ਖ਼ਾਸ ਤੌਰ ਤੇ ਧੰਨਵਾਦ ਕੀਤਾ, ਬੱਚਿਆਂ ਦੇ ਮਾਪਿਆਂ ਦਾ ਵੀ ਸਕੂਲ ਪਹੁੰਚਣ ਤੇ ਸਕੂਲ ਸਟਾਫ਼ ਨੇ ਧੰਨਵਾਦ ਕੀਤਾ, ਗੱਲਬਾਤ ਕਰਦਿਆਂ ਹੈੱਡ ਟੀਚਰ ਮੈਡਮ ਸੀਮਾ ਰਾਣੀ ਨੇ ਕਿਹਾ ਕਿ ਬੱਚਿਆਂ ਦਾ ਨਤੀਜਾ 100 ਫ਼ੀਸਦੀ ਰਿਹਾ ਪੁਜੀਸ਼ਨਾਂ ਹਾਸਲ ਕਰਨ ਵਾਲੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਬਹੁਤ ਬਹੁਤ ਮੁਬਾਰਕਾਂ, ਇਸ ਮੌਕੇ ਗ੍ਰਾਮ ਪੰਚਾਇਤ ਹਠੂਰ, ਸ਼ਹੀਦ ਬਾਬਾ ਜੀਵਨ ਸਿੰਘ ਕਲੱਬ ਹਠੂਰ ਦੇ ਮੈਂਬਰ, ਆਮ ਆਦਮੀ ਪਾਰਟੀ ਤੋਂ ਪ੍ਰਮਿੰਦਰ ਸਿੰਘ ਹਠੂਰ, ਸਮੇਤ ਸਕੂਲ ਸਟਾਫ਼, ਬੱਚੇ ਅਤੇ ਬੱਚਿਆਂ ਦੇ ਮਾਪੇ ਹਾਜ਼ਰ ਸਨ।

# ਖਾਲਸਾ ਕਾਲਜ ਦੇ ਨਵੇਂ ਨਿਯੁਕਤ ਪ੍ਰਿੰਸੀਪਲ ਆਤਮਾ ਸਿੰਘ ਰੰਧਾਵਾ,ਭੋਏਵਾਲ ਨੇ ਪਰਿਵਾਰ ਸਮੇਤ ਮੱਥਾ ਟੇਕਿਆ : ਗੁਰੂ ਕੀ ਬੇਰ ਸਾਹਿਬ ਬੋਪਾਰਾਏ

### ਸੰਤ ਬਾਬਾ ਸੱਜਣ ਸਿੰਘ ਜੀ ਪ੍ਰਿੰਸੀਪਲ ਨੂੰ ਕੀਤਾ ਸਨਮਾਨਿਤ



ਚੌਕ ਮਹਿਤਾ 31 ਮਾਰਚ ( ਬਾਬਾ ਸੁਖਵੰਤ ਸਿੰਘ ਚੰਨਣਕੇ) ਛੇਵੀ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪਵਿੱਤਰ ਪਾਵਨ ਅਸਥਾਨ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਬੋਪਾਰਾਏ ਵਿੱਖੇ ਪ੍ਰਿੰਸੀਪਲ ਸ, ਆਤਮਾ ਸਿੰਘ ਰੰਧਾਵਾ ਭੋਏਵਾਲ ਨੇ ਆਪਣੇ ਪਰਿਵਾਰ ਸਮੇਤ ਮੱਥਾ ਟੇਕਿਆ ਅਤੇ ਵਾਹਿਗੁਰੂ ਜੀ ਦਾ ਸ਼ੁਕਰਾਨਾ ਕੀਤਾ। ਵਾਹਿਗੁਰੂ ਜੀ ਜੀ ਮਿਹਰ ਸਦਕਾ ਉਹ ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਨਵੇਂ ਪ੍ਰਿੰਸੀਪਲ ਨਿਯੁਕਤ ਕੀਤੇ ਗਏ। ਇਸ ਮੌਕੇ ਤੇ ਸ੍ਰੀ ਮਾਨ ਸੰਤ ਬਾਬਾ ਸੱਜਣ ਸਿੰਘ ਜੀ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਬੋਪਾਰਾਏ ਵਾਲਿਆਂ ਨੇ ਸ, ਆਤਮਾ ਸਿੰਘ ਨੂੰ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਨੂੰ ਸਿਰਪਾਉ ਅਤੇ ਦੋਸਾਲਾ ਦੇਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਅਨਰੀਤ ਕੌਰ ਸਰਕਾਰੀ ਟੀਚਰ, ਉਨ੍ਹਾਂ ਦਾ ਬੇਟਾ ਸਹਿਜਪਾਲ ਸਿੰਘ ਬੇਟੀ ਮੰਨਤ ਕੌਰ, ਸਰਵਣ ਸਿੰਘ ਰਾਮ ਦੀਵਾਲੀ, ਸੁਖਵਿੰਦਰ ਸਿੰਘ ਭੀਲੋਵਾਲ, ਹੈਡ ਗ੍ਰੰਥੀ ਬਾਬਾ ਸੁਲਖਣ ਸਿੰਘ ਬੋਪਾਰਾਏ, ਬਚਿੱਤਰ ਸਿੰਘ ਮੱਤੇਵਾਲ, ਲਖਵਿੰਦਰ ਸਿੰਘ ਭੀਲੋਵਾਲ, ਬਰਿੰਦਰ ਸਿੰਘ ਖਿਦੋਵਾਲੀ, ਬਾਬਾ ਸੁੱਖਾ ਸਿੰਘ, ਨਰਿੰਦਰ ਸਿੰਘ ਬਾਠ, ਰਣਜੀਤ ਸਿੰਘ ਬਾਬੋਵਾਲ, ਰਾਜਾ ਸਿੰਘ, ਜਗਰੂਪ ਸਿੰਘ ਬੋਪਾਰਾਏ, ਜੋਬਨ ਸਿੰਘ ਬੁਲਾਰਾ, ਬਲਰਾਜ ਸਿੰਘ ਭੀਲੋਵਾਲ, ਅਮਿੰਰਤ ਸਿੰਘ ਆਦਿ ਸੰਗਤਾਂ ਹਾਜਰ ਸਨ।

### ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭਾਮ ਪਿੰਡ ਦਾ ਦੌਰਾ

# ਗੁਰਦੁਆਰਾ ਸਾਹਿਬ ਵਿਖੇ ਵਾਪਰੀ ਘਟਨਾ ਬੇਹੱਦ ਮੰਦਭਾਗੀ : ਮਨਜੀਤ ਸਿੰਘ ਭੋਮਾ



**ਹਰਚੋਵਾਲ, 31 ਮਾਰਚ (ਆਵਾਜ਼ਿ ਕੌਮ ਬਿਊਰੋ)**-ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਪੰਜਾਬ ਦੇ ਚੇਅਰਮੈਨ ਮਨਜੀਤ ਸਿੰਘ ਭੋਮਾ ਨੇ ਆਪਣੀ ਟੀਮ ਨਾਲ ਅੱਜ ਪਿੰਡ ਭਾਮ ਜਿਲਾ ਗੁਰਦਾਸਪੁਰ ਪਿੰਡ ਦਾ ਦੌਰਾ ਕੀਤਾ ਜਿੱਥੇ ਹਸਨ ਪੱਤੀ ਭਾਮ ਦੇ ਗੁਰਦੁਆਰਾ ਸਾਹਿਬ ਵਿਖੇ ਰਾਤ ਚਲਦੇ ਪਲਾਸਟਿਕ ਦੇ ਪੱਖੇ ਗਰਮ ਹੋ ਕੇ ਸ਼ਾਰਟ ਸਰਕਟ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਸਰੂਪ ਅਗਨ ਭੇਟ ਹੋ ਗਏ ਸਨ ਉੱਥੇ ਸਾਰੇ ਅੱਖੀਂ ਡਿੱਠੇ ਹਾਲਾਤ ਵੇਖਣ ਤੋਂ ਬਾਅਦ ਇੱਕ ਰਿਪੋਰਟ ਤਿਆਰ ਕੀਤੀ ਗਈ ਜੋ ਪਿੰਡ ਵਾਸੀਆਂ ਪਾਸੋਂ ਪ੍ਰਾਪਤ ਕੀਤੀ ਉਹਨਾਂ ਦੇ ਦੱਸਣ ਮੁਤਾਬਿਕ ਕਿ ਗੁਰਦੁਆਰਾ ਸਾਹਿਬ ਵਿੱਚ ਜਿਹੜੀ ਅੱਗ ਰਾਤ ਦੇ ਸਮੇਂ ਲੱਗੀ । ਇਸ ਅੱਗ ਦਾ ਪਤਾ ਸਭ ਤੋਂ ਪਹਿਲਾਂ ਗਵਾਂਢੀ ਸ ਸੁਖਜਿੰਦਰ ਸਿੰਘ ਦੇ ਪਰਿਵਾਰ ਨੂੰ ਪਤਾ ਲੱਗਾ ਜਦੋਂ ਉਹਨਾਂ ਦਾ ਕੁੱਤਾ ਰਾਤ ਨੂੰ ਬਾਰ-ਬਾਰ ਭੌਂਕ ਰਿਹਾ ਸੀ ਤਾਂ ਉਹਨਾਂ ਦੀ ਬੇਟੀ ਜੋ ਉਸ ਸਮੇਂ ਪੜ੍ਹ ਰਹੀ ਸੀ ਉਸ ਨੇ ਬਾਹਰ ਉੱਠ ਕੇ ਵੇਖਿਆ ਤਾਂ ਬਾਹਰ ਗੁਰਦੁਆਰਾ ਸਾਹਿਬ ਚੋਂ ਧੂਆਂ ਨਿਕਲ ਰਿਹਾ ਹੈ ਤਾਂ ਉਸ ਨੇ ਉਸ ਵੇਲੇ ਆਪਣੇ ਪਾਪਾ ਸੁਖਜਿੰਦਰ ਸਿੰਘ ਤੇ ਸਾਰੇ ਪਰਿਵਾਰ ਨੂੰ ਉਠਾਇਆ ਇਸ ਤੋਂ ਬਾਅਦ ਸ ਸੁਖਜਿੰਦਰ ਸਿੰਘ ਨੇ ਆਂਢੀਆਂ ਗਵਾਂਢੀਆਂ ਨੂੰ ਤੇ ਗੁਰਦੁਆਰਾ ਦੇ ਗ੍ਰੰਥੀ ਸਿੰਘ ਬਾਬਾ ਸਤਨਾਮ ਸਿੰਘ ਜੀ ਨੂੰ ਘਰੋਂ ਜਾ ਕੇ ਬੁਲਾਇਆ । ਬਾਬਾ ਜੀ ਉਸ ਵੇਲੇ ਚਾਬੀਆਂ ਲੈ ਕੇ ਉਸੇ ਵੇਲੇ ਭੱਜੇ ਭੱਜੇ ਗੁਰਦੁਆਰਾ ਸਾਹਿਬ ਆਏ ਤਾਂ ਇਸ ਗੁਰਦੁਆਰਾ ਸਾਹਿਬ ਦੇ ਚਾਰ ਜਿੰਦਰੇ ਹਨ ਸਭ ਤੋਂ ਪਹਿਲਾਂ ਇੱਕ ਬਾਹਰਲਾ ਜੰਦਰਾ ਖੋਲਿਆ ਗਿਆ ਫਿਰ ਅੰਦਰਲੇ ਤਿੰਨ ਜਿੰਦਰੇ ਖੋਲੇ ਗਏ ਤਾਂ ਉਸ ਸਮੇਂ ਸਾਰੇ ਆਂਢੀ ਗਵਾਂਡੀ ਵੀ ਉੱਠ ਕੇ ਗੁਰਦੁਆਰਾ ਸਾਹਿਬ ਦੇ ਬਾਹਰ ਆ ਚੁੱਕੇ ਸਨ ਜਦੋਂ ਗੁਰਦੁਆਰਾ ਸਾਹਿਬ ਦੇ ਹਾਲ ਦਾ ਮੁੱਖ ਦਰਵਾਜ਼ਾ ਖੋਲਿਆ ਤਾਂ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਬਾਬਾ ਸਤਨਾਮ ਸਿੰਘ ਜੀ ਨੇ ਗੇਟ ਖੋਲਦੇ ਆ ਸਾਰ ਹੀ ਲੱਗੀ ਹੋਈ ਅੱਗ ਵਿੱਚ ਅੰਦਰ ਦਾਖਲ ਹੋਣ ਦੀ ਕੋਸ਼ਿਸ਼ ਕੀਤੀ ਕਿ ਮੈਂ ਕਿਸੇ ਤਰ੍ਹਾਂ ਮਹਾਰਾਜ ਦੇ ਸਰੂਪ ਬਚਾ ਲਵਾਂ ਪਰ ਉਸ ਸਮੇਂ ਤੱਕ ਸਭ ਭਾਣਾ ਵਾਪਰ ਚੁੱਕਾ ਸੀ ਪਿੰਡ ਵਾਲਿਆਂ ਨੇ ਬਾਬਾ ਜੀ ਨੂੰ ਜਬਰਦਸਤੀ ਖਿੱਚ ਕੇ ਅੰਦਰੋਂ ਬਾਹਰ ਕੱਢਿਆ ਨਹੀਂ ਤਾਂ ਬਾਬਾ ਜੀ ਵੀ ਅੰਦਰ ਸੜ ਸਕਦੇ ਸਨ ਜਦੋਂ ਅੱਗ ਲੱਗੀ ਦਾ ਪਤਾ ਚੱਲਿਆ ਉਸ ਸਮੇਂ ਰਾਤ ਦੇ 11 ਵਜਕੇ 40 ਮਿੰਟ ਹੋ ਚੁੱਕੇ ਸਨ। ਸਥਾਨਕ ਆਢੀਆਂ ਗੁਆਂਢੀਆਂ ਵਲੋਂ ਆਪਣੇ ਆਪ ਨੂੰ ਖ਼ਤਰੇ ਵਿੱਚ ਪਾ ਕੇ ਰੇਤ ਤੇ ਪਾਣੀ ਨਾਲ਼ ਅੱਗ ਬੁਝਾਈ ਗਈ ਪਰ ਉਸ ਸਮੇਂ ਤੱਕ ਸੜਕੇ ਸੁਆਹ ਹੋ ਚੁੱਕਾ ਸੀ । ਪਿੰਡ ਇਸ ਸਮੇਂ ਬਹੁਤ ਵੱਡੇ ਸਦਮੇ ਵਿਚ ਹੈ। ਮਨਜੀਤ ਸਿੰਘ ਭੋਮਾ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਅਗਨ ਭੇਟ ਹੋਣ ਨੂੰ ਬੇਹੱਦ ਮੰਦਭਾਗਾ ਕ.ਰਾਰ ਦਿੱਤਾ ਹੈ ।ਉਹਨਾਂ ਕਿਹਾ ਭਵਿੱਖ ਵਿੱਚ ਅਜਿਹੀਆਂ ਮੰਦਭਾਗੀ ਘਟਨਾਵਾਂ ਰੋਕਣ ਲਈ ਤੇ ਪਿੰਡ ਦੀ ਭਾਈਚਾਰਕ ਸਾਂਝ ਇੱਕ ਪਿੰਡ ਵਿੱਚ ਇੱਕ ਗੁਰਦੁਆਰਾ ਤੇ ਇੱਕ ਸ਼ਮਸ਼ਾਨ ਘਾਟ ਹੋਵੇ ਅਜਿਹੇ ਮਤੇ ਪਿੰਡ ਦੀਆਂ ਪੰਚਾਇਤਾਂ ਨੂੰ ਪਾ ਕੇ ਸ਼੍ਰੀ ਅਕਾਲ ਤਖ਼ਤ ਸਾਹਿਬ ਤੋਂ ਹੋਏ ਜਾਰੀ ਅੰਦੇਸ਼ ਤੇ ਮੋਹਰ ਲਾਉਣੀ ਚਾਹੀਦੀ ਹੈ । ਜੇਕਰ ਇੱਕ ਪਿੰਡ ਵਿੱਚ ਇੱਕ ਗੁਰਦੁਆਰਾ ਹੋਵੇ ਤਾਂ ਉਸਦੀ ਚੰਗੀ ਤਰ੍ਹਾਂ ਪਹਿਰੇਦਾਰਾਂ ਕੀਤੀ ਜਾ ਸਕਦੀ ਹੈ । ਪਿੰਡ ਨਿਵਾਸੀਆਂ ਨੇ ਪਸ਼ਚਾਤਾਪ ਕਰਨ ਲਈ ਛੇ ਅਪ੍ਰੈਲ ਨੂੰ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਕਰਕੇ ਜਿਨਾਂ ਦੇ ਭੋਗ 8 ਅਪ੍ਰੈਲ ਨੂੰ ਪਾਏ ਜਾਣਗੇ।

ਆਵਾਜ਼ਿ ਕੌਮ AWAZE QAUM International Newspaper & WEB TV

### ਕੌਮਾਂਤਰੀ ਰੰਗ ਮੰਚ ਦਿਵਸ 'ਤੇ

# "ਰਾਹਾਂ ਵਿੱਚ ਅੰਗਿਆਰ ਬੜੇ ਸੀ" ਦਾ ਹੋਇਆ ਮੰਚਨ



**ਜੰਡਿਆਲਾ ਗੁਰੂ 31 ਮਾਰਚ (ਕੁਲਵੰਤ ਸਿੰਘ ਵਿਰਦੀ)**-ਸ਼ਾਇਰ ਦੇਵ ਦਰਦ ਦੀ ਯਾਦ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਜਨਵਾਦੀ ਲੇਖਕ ਸੰਘ ਦੇ ਸਹਿਯੋਗ ਨਾਲ ਕੌਮਾਂਤਰੀ ਰੰਗ ਮੰਚ ਦਿਵਸ ਉੱਤੇ ਨਾਟਕ 'ਰਾਹਾਂ ਵਿੱਚ ਅੰਗਿਆਰ ਬੜੇ ਸੀ' ਦੇ 50ਵੇਂ ਸ਼ੋਅ ਦਾ ਮੰਚਨ ਸਥਾਨਕ ਆਤਮ ਪਬਲਿਕ ਸਕੂਲ ਇਸਲਾਮਾਬਾਦ ਵਿਖੇ ਕੀਤਾ ਗਿਆ ।ਰਾਜਵਿੰਦਰ ਸਮਰਾਲਾ ਵੱਲੋਂ ਲਿਖੇ ਅਤੇ ਅਕਸ ਰੰਗਮੰਚ ਸਮਰਾਲਾ ਦੀ ਇਸ ਪੇਸ਼ਕਾਰੀ ਹੇਠ ਇਸ ਇੱਕ ਪਾਤਰੀ ਨਾਟਕ ਵਿੱਚ ਰੰਗਮੰਚ ਅਦਾਕਾਰਾ ਨੂਰ ਕਮਲ ਵੱਲੋਂ ਨਿਭਾਈ ਭੂਮਿਕਾ ਨੇ ਦਰਸ਼ਕਾਂ ਨੂੰ ਝੰਜੋੜਿਆ ਵੀ ਤੇ ਭਾਵੁਕ ਵੀ ਕੀਤਾ। ਕੇਂਦਰੀ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ ਅਤੇ ਸ਼ੁਸੀਲ ਦੁਸਾਂਝ ਦੀ ਅਗਵਾਈ ਹੇਠ ਹੋਏ ਇਸ ਸਮਾਗਮ ਨੂੰ ਕਥਾਕਾਰ ਦੀਪ ਦੇਵਿੰਦਰ ਸਿੰਘ ਨੇ ਤਰਤੀਬ ਦਿੱਤੀ ਜਦੋਂਕਿ ਪ੍ਰਤੀਕ ਸਹਿਦੇਵ ਅਤੇ ਮੋਹਿਤ ਸਹਿਦੇਵ ਨੇ ਸਵਾਗਤੀ ਸਬਦ ਕਹੇ। ਪ੍ਰਮੁਖ ਗਲਪਕਾਰ ਡਾ ਵਰਿਆਮ ਸਿੰਘ ਸੰਧੂ ਨੇ ਇਸ ਮੌਕੇ ਕਿਹਾ ਕਿ ਅਦਾਕਾਰਾ ਨੂਰ ਕਮਲ ਨੇ ਆਪਣੀ ਅਦਾਕਾਰੀ ਨਾਲ ਦਰਸ਼ਕਾਂ ਨੂੰ ਕੀਲ ਕੇ ਰੱਖ ਦਿੱਤਾ ਹੈ ਅਤੇ ਇਹ ਨਾਟਕ ਹਿੰਮਤ ਅਤੇ ਸਾਹਸ ਨਾਲ ਰਾਹਾਂ ਵਿਚਲੀਆਂ ਮੁਸੀਬਤਾਂ ਨੂੰ ਪਾਰ ਕਰਕੇ ਅੱਗੇ ਵਧਣ ਦਾ ਸੁਨੇਹਾ ਵੀ ਦਿੰਦਾ ਹੈ। ਡਾ ਲਖਵਿੰਦਰ ਜੌਹਲ ਅਤੇ ਡਾ ਹਰਜਿੰਦਰ ਸਿੰਘ ਅਟਵਾਲ ਨੇ ਕਿਹਾ ਕਿ ਔਰਤ ਵਿੱਚ ਕਿਸੇ ਵੀ ਕੰਮ ਨੂੰ ਨੇਪਰੇ ਚਾੜ੍ਹਨ ਦੀ ਅਥਾਹ ਸ਼ਕਤੀ ਤੇ ਹਿੰਮਤ ਹੁੰਦੀ ਹੈ, ਇਸੇ ਹਿੰਮਤ ਦੀ ਬਾਤ ਪਾਉਂਦਾ ਇਹ ਨਾਟਕ ਹੈ। ਪ੍ਰਿੰ ਅੰਕਿਤਾ ਸਹਿਦੇਵ ਅਤੇ ਕੋਮਲ ਸਹਿਦੇਵ ਨੇ ਸਭ ਦਾ ਧੰਨਵਾਦ ਕੀਤਾ। ਇਸ ਮੌਕੇ ਸਾਬਕਾ ਪ੍ਰਸ਼ਾਸਨਿਕ ਅਧਿਕਾਰੀ ਬਖਤਾਵਰ ਸਿੰਘ, ਡਾ ਹੀਰਾ ਸਿੰਘ, ਮਨਮੋਹਨ ਸਿੰਘ ਢਿੱਲੋਂ, ਡਾ ਪਰਮਜੀਤ ਸਿੰਘ ਬਾਠ, ਡਾ ਸੀਮਾ ਗਰੇਵਾਲ, ਰਾਜਬੀਰ ਗਰੇਵਾਲ, ਨਵ ਭੁੱਲਰ, ਰਮਿੰਦਰਜੀਤ ਕੌਰ, ਵਿਪਨ ਗਿੱਲ, ਡਾ ਕਸ਼ਮੀਰ ਸਿੰਘ, ਹਰਮੀਤ ਆਰਟਿਸਟ, ਰਸ਼ਿਪੰਦਰ ਗਿੱਲ, ਸੁਰਿੰਦਰ ਖਿਲਚੀਆਂ, ਐਸ ਪਰਸ਼ੋਤਮ, ਬਰਕਤ ਵੋਹਰਾ, ਕਰਮ ਸਿੰਘ ਹੁੰਦਲ, ਸੁਰਿੰਦਰ ਸਿੰਘ ਘਰਿਆਲਾ, ਬਲਵਿੰਦਰ ਝਬਾਲ, ਰਾਜ ਕੁਮਾਰ ਰਾਜ, ਰਾਜ ਪਾਲ ਸ਼ਰਮਾ, ਡਾ ਕਸ਼ਮੀਰ ਸਿੰਘ, ਸੁਮੀਤ ਸਿੰਘ, ਕੁਲਜੀਤ ਵੇਰਕਾ, ਦਲਜੀਤ ਸੋਨਾ, ਗੁਰਜੀਤ ਅਜਨਾਲਾ, ਸਿਮਰ ਜੀਤ ਸਿਮਰ, ਹਰਜਿੰਦਰ ਸਿੰਘ ਕਲਸੀ, ਪਰਮਜੀਤ ਕੌਰ, ਤ੍ਰਿਪਤਾ ਸ਼ਮੀ ਮਹਾਜਨ, ਸੁਭਾਸ਼ ਪਰਿੰਦਾ, ਨਵਦੀਪ ਕੁਮਾਰ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਅਧਿਆਪਕ ਅਤੇ ਵਿਦਿਆਰਥੀ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

**ਨਾਟਕ ਹਿੰਮਤ ਅਤੇ ਸਾਹਸ ਨਾਲ ਰਾਹਾਂ ਵਿਚਲੀਆਂ ਔਕੜਾਂ ਨੂੰ ਪਾਰ ਕਰਨ ਦਾ ਸੁਨੇਹਾ ਦਿੰਦਾ ਹੈ-ਡਾ ਵਰਿਆਮ ਸਿੰਘ ਸੰਧੂ**

# ਪਿੰਡ ਕੋਟ ਧਰਮ ਚੰਦ ਕਲਾਂ ਵਿਖੇ ਖੇਡ ਗਰਾਊਂਡ ਵਿੱਚ ਖਿਡਾਰੀਆਂ ਨੂੰ ਵਾਲੀਬਾਲ ਕਿੱਟਾ ਅਤੇ ਫੁੱਟਬਾਲ ਕਿੱਟਾਂ ਵੰਡੀਆਂ ਗਈਆਂ





**ਜੰਡਿਆਲਾ ਗੁਰੂ,31 ਮਾਰਚ (ਕੁਲਵੰਤ ਸਿੰਘ ਵਿਰਦੀ )**-ਆਮ ਆਦਮੀ ਦੀ ਸਰਕਾਰ ਅਤੇ ਪ੍ਰਸ਼ਾਸਨ ਦੇ ਉਚ ਅਧਿਕਾਰੀਆਂ ਨੇ ਇਕ ਮੁਹਿੰਮ ਵਿੱਢੀ ਹੈਂ ਕਿ ਯੁੱਧ ਨਸ਼ਿਆਂ ਵਿਰੁੱਧ, ਜਿਸ ਦੇ ਚਲਦਿਆਂ ਸਰਕਾਰ ਨੂੰ ਕਾਫੀ ਸਫਲਤਾ ਵੀ ਹਾਸਲ ਹੋ ਰਹੀ ਹੈ।,। ਜਿੱਥੇ ਸਰਕਾਰ ਨੇ ਨਸ਼ਿਆਂ ਨੂੰ ਖਤਮ ਕਰਨ ਦਾ ਪ੍ਰਣ ਲਿਆ ਹੋਇਆ ਹੈ, ਉੱਥੇ ਹੀ ਸਰਕਾਰ ਨੌਜਵਾਨਾਂ ਨੂੰ ਗਰਾਊਂਡ ਨਾਲ ਜੋੜਨ ਵਿੱਚ ਵੀ ਮਦਦ ਕਰ ਰਹੀ ਹੈ, ਆਮ ਆਦਮੀ ਪਾਰਟੀ ਦਾ ਇੱਕ ਹੀ ਮਕਸਦ ਹੈ ਕਿ ਨਸ਼ਿਆਂ ਨੂੰ ਖਤਮ ਕਰਨਾ ਤੇ ਨੌਜਵਾਨਾਂ ਨੂੰ ਵੱਧ ਤੋਂ ਵੱਧ ਖੇਡ ਮੈਦਾਨ ਵਿੱਚ ਉਤਾਰਨਾ ਤਾਂ ਕੇ ਅੱਜ ਕੱਲ ਦੇ ਨੌਜਵਾਨ ਆਪਣਾ ਭਵਿੱਖ ਬਣਾ ਸਕਣ। ਇਸੇ ਲੜੀ ਦੇ ਤਹਿਤ ਹੀ ਤਰਨ ਤਾਰਨ ਹਲਕੇ ਦੇ ਪਿੰਡ ਕੋਟ ਧਰਮ ਚੰਦ ਕਲਾਂ ਵਿਖੇ ਹਲਕਾ ਵਿਧਾਇਕ ਕਸ਼ਮੀਰ ਸਿੰਘ ਸੋਹਲ ਦੇ ਉਪਰਾਲੇ ਸਦਕਾ ਖਿਡਾਰੀਆਂ ਨੂੰ ਖੇਡ ਮੈਦਾਨ ਵਿੱਚ ਵਾਲੀਬਾਲ ਕਿੱਟਾਂ ਅਤੇ ਫੁਟਬਾਲ ਕਿੱਟਾਂ ਵੰਡੀਆਂ ਗਈਆਂ। ਇਸ ਮੌਕੇ ਤੇ ਕੋਟ ਧਰਮ ਚੰਦ ਕਲਾਂ ਦੇ ਆਮ ਆਦਮੀ ਪਾਰਟੀ ਦੇ ਵਰਕਰ ਸਰਦਾਰ ਪਲਵਿੰਦਰ ਸਿੰਘ ਨੇ ਪੱਤਰਕਾਰਾਂ ਨਾਲ ਫੋਨ ਤੇ ਗੱਲਬਾਤ ਕਰਦੇ ਹੋਏ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਉਣ ਤੇ ਪਿੰਡਾਂ ਵਿੱਚ ਵੱਧ ਤੋਂ ਵੱਧ ਵਿਕਾਸ ਵੀ ਹੋਏ ਹਨ। ਅਤੇ ਵਿਕਾਸ ਦੇ ਦੌਰਾਨ ਲੋਕਾਂ ਨੂੰ ਅੱਜ ਕੱਲ ਦੇ ਨੌਜਵਾਨਾਂ ਨੂੰ ਖੇਡ ਮੈਦਾਨ ਨਾਲ ਵੀ ਜੋੜਿਆ ਜਾ ਰਿਹਾ ਹੈ। ਉਨਾਂ ਨੇ ਦੱਸਿਆ ਕਿ ਸਾਡੇ ਪਿੰਡ ਦੇ ਨੌਜਵਾਨ ਖੇਡਾਂ ਵਿੱਚ ਕਾਫੀ ਰੁਝਾਨ ਰੱਖਦੇ ਹਨ। ਜਿਸ ਦੇ ਚਲਦਿਆਂ ਉਨਾਂ ਨੇ ਉਹਨਾਂ ਦੀ ਮੰਗ ਸੀ ਕਿ ਸਾਨੂੰ ਵਾਲੀਬਾਲ ਅਤੇ ਫੁੱਟਬਾਲ ਕਿੱਟਾਂ ਮੁਹਈਆ ਕਰਵਾਈਆਂ ਜਾਣ ਅਤੇ ਨੌਜਵਾਨਾਂ ਦੀ ਇਸ ਮੰਗ ਨੂੰ ਸਵੀਕਾਰ ਕਰਦਿਆਂ ਹੋਇਆਂ ਪਿੰਡ ਦੇ ਸਰਪੰਚ ਸਰਦਾਰ, ਜਸਬੀਰ ਸਿੰਘ ਅਤੇ ਮੈਂਬਰ ਪੰਚਾਇਤ ਸਾਹਿਬਾਨਾਂ ਨੇ ਨੌਜਵਾਨਾਂ ਦੀ ਇਹ ਮੰਗ ਨੂੰ ਪੂਰਾ ਕੀਤਾ ਅਤੇ ਉਹਨਾਂ ਨੂੰ ਨਰੇਗਾ ਸਕੀਮ ਦੇ ਅਧੀਨ ਕੋਟ ਧਰਮ ਚੰਦ ਕਲਾਂ ਵਿਖੇ ਖੇਡ ਦੇ ਮੈਦਾਨ ਵਿੱਚ ਸਾਰੇ ਪਿੰਡ ਨਿਵਾਸੀਆਂ ਦੀ ਹਾਜ਼ਰੀ ਵਿੱਚ ਫੁਟਬਾਲ ਅਤੇ ਵਾਲੀਬਾਲ ਕਿੱਟਾਂ ਵੰਡੀਆਂ ਗਈਆਂ। ਇਸ ਮੌਕੇ ਤੇ ਸੁਖਦੇਵ ਸਿੰਘ ਮੈਂਬਰ ਪਲਵਿੰਦਰ ਸਿੰਘ ਮੈਂਬਰ ਕੁਲਵਿੰਦਰ ਸਿੰਘ ਮੈਂਬਰ ਬਲਜਿੰਦਰ ਸਿੰਘ ਮੈਂਬਰ ,ਹਰਜਿੰਦਰ ਸਿੰਘ ਮੈਂਬਰ, ਮੇਜਰ ਸਿੰਘ ,ਮੈਂਬਰ ,ਮਹੰਤ ਸਿੰਘ, ਪਲਵਿੰਦਰ ਸਿੰਘ ,ਭੁਪਿੰਦਰ ਸਿੰਘ ਭੂਪੀ ਬਲਵੰਤ ਸਿੰਘ ਬਾਊ ਕੈਪਟਨ, ਅਤੇ ਪ੍ਰਭ ਸਿੱਧੂ ਆਦਿ ਮੈਂਬਰ ਸਾਹਿਬਾਨ ਹਾਜ਼ਰ ਸਨ। ਇਸ ਮੌਕੇ ਤੇ ਪਿੰਡ ਦੇ ਨੌਜਵਾਨਾਂ ਨੇ ਧਰਮ ਚੰਦ ਕਲਾ ਪਿੰਡ ਦੀ ਪੂਰੀ ਪੰਚਾਇਤ ਦਾ ਦਿਲੋਂ ਧੰਨਵਾਦ ਕੀਤਾ।

ਆਵਾਜ਼ਿ ਕੌਮ AWAZE QAUM International Newspaper & WEB TV

# ਭਾਈ ਮਹਿਲ ਸਿੰਘ ਬੱਬਰ ਦੀ ਯਾਦ ਵਿਚ ਮੌਂਟਰੀਆਲ ਗੁਰਦੁਆਰਾ ਗੁਰੂ ਨਾਨਕ ਦਰਬਾਰ ਪਾਰਕ ਐਕਸ ਵਿਖੇ ਸਜਾਏ ਗਏ ਵਿਸ਼ੇਸ਼ ਦੀਵਾਨ

ਨਵੀਂ ਦਿੱਲੀ 31 ਮਾਰਚ (ਮਨਪ੍ਰੀਤ ਸਿੰਘ ਖਾਲਸਾ):- ਕੈਨੇਡਾ ਦੇ ਮੌਂਟਰੀਆਲ ਗੁਰਦੁਆਰਾ ਗੁਰੂ ਨਾਨਕ ਦਰਬਾਰ ਪਾਰਕ ਐਕਸ ਵਿਖੇ ਭਾਈ ਮਹਿਲ ਸਿੰਘ ਬੱਬਰ ਜੋ ਕਿ ਪਿਛਲੇ ਦਿਨੀ ਗੁਰੂ ਚਰਨਾ ਵਿੱਚ ਜਾ ਵਿਰਾਜੇ ਸਨ ਦੇ ਸਬੰਧ ਵਿੱਚ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ ।ਭਾਈ ਜਸਵਿੰਦਰ ਸਿੰਘ ਜਨਰਲ ਸੈਕਟਰੀ ਗੁਰਦੁਆਰਾ ਗੁਰੂ ਨਾਨਕ ਦਰਬਾਰ ਪਾਰਕ ਐਕਸ ਮੌਂਟਰੀਆਲ ਵੱਲੋਂ ਦਿੱਤੀ ਗਈ ਜਾਣਕਾਰੀ ਮੁਤਾਬਿਕ ਸਮਾਗਮ ਵਿੱਚ ਵੱਖ ਵੱਖ ਬੁਲਾਰਿਆਂ ਵਲੋਂ ਭਾਈ ਮਹਿਲ ਸਿੰਘ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਉਨ੍ਹਾਂ ਦਸਿਆ ਕਿ ਇਸ ਮੌਕੇ ਜਥੇਦਾਰ ਭਾਈ ਸੰਤੋਖ ਸਿੰਘ ਖੇਲਾ ਵੱਲੋਂ ਭਾਈ ਮਹਿਲ ਸਿੰਘ ਬੱਬਰ ਦੇ ਜੀਵਨ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਸੰਗਤਾਂ ਨਾਲ ਸਾਂਝੀ ਕੀਤੀ ਗਈ। ਉਨ੍ਹਾਂ ਦਸਿਆ ਕਿ 1978 ਦੀ ਵਿਸਾਖੀ ਪੁਰਬ ਮੌਕੇ ਨਿਰੰਕਾਰੀ ਮੁੱਖੀ ਵਲੋਂ ਸਿੱਖ ਪੰਥ ਵਿਰੁੱਧ ਕੀਤੇ ਜਾ ਰਹੇ ਕੂੜ ਪ੍ਰਚਾਰ ਨੂੰ ਰੋਕਣ ਗਏ ਸਿੱਖ ਪੰਥ ਦੇ 13 ਸਿੰਘ ਸ਼ਹੀਦ ਹੋ ਗਏ ਸਨ, ਤੋ ਸ਼ੁਰੂ ਹੋ ਕੇ ਭਾਈ ਮਹਿਲ ਸਿੰਘ ਬੱਬਰ ਨੇ ਸਾਰਾ ਜੀਵਨ ਸਿੱਖ ਪੰਥ ਲੇਖੇ ਲਾਇਆ। ਉਨ੍ਹਾਂ ਦਸਿਆ ਕਿ ਭਾਈ ਮਹਿਲ ਸਿੰਘ ਬੱਬਰ ਖਾਲਸਾ ਦੇ ਮੁੱਖੀ ਸ਼ਹੀਦ ਜੱਥੇਦਾਰ ਭਾਈ ਸੁਖਦੇਵ ਸਿੰਘ ਬੱਬਰ ਦੇ ਵੱਡੇ ਭਰਾਤਾ ਸਨ ਤੇ ਉਨ੍ਹਾਂ ਨੇ ਉਚੇਰੀ ਵਿਦਿਆ ਪ੍ਰਾਪਤ ਕੀਤੀ ਹੋਈ ਸੀ ।ਪੰਜਾਬ ਪੁਲਿਸ ਵਲੋਂ ਭਾਈ ਸਾਹਿਬ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਵਾਰ ਵਾਰ ਤਸ਼ੱਦਦ ਦਾ ਸਾਹਮਣਾ ਕਰਣਾ ਪੈਂਦਾ ਸੀ ਜਿਸ ਕਰਕੇ ਭਾਈ ਮਹਿਲ ਸਿੰਘ 1990 ਵਿਚ ਇੰਡੀਆ ਛੱਡ ਕੇ ਪਾਕਿਸਤਾਨ ਚਲੇ ਗਏ ਸਨ ਤੇ ਓਥੋਂ ਹੀ ਆਪਣੇ ਵਸੀਲਿਆਂ ਰਾਹੀਂ ਸੰਘਰਸ਼ ਨੂੰ ਅੱਗੇ ਤੋਰਨ ਵਿਚ ਲੱਗੇ ਰਹੇ ਸਨ ।ਉਨ੍ਹਾਂ ਕਿਹਾ ਕਿ ਅਸੀਂ ਭਾਈ ਮਹਿਲ ਸਿੰਘ ਦੇ ਜੀਵਨ ਤੋ ਸਿੱਖਿਆ ਲੈਂਦਿਆਂ ਆਖਰੀ ਦਮ ਤੱਕ ਖਾਲਿਸਤਾਨ ਦੀ ਪ੍ਰਾਪਤੀ ਲਈ ਲੜਦੇ ਰਹਾਂਗੇ। ਭਾਈ ਕਰਨੈਲ ਸਿੰਘ ਨੇ ਭਾਈ ਮਹਿਲ ਸਿੰਘ ਬੱਬਰ ਨਾਲ ਬਿਤਾਏ ਪਲਾਂ ਨੂੰ ਸੰਗਤ ਨਾਲ ਸਾਂਝਾ ਕੀਤਾ ਤੇ ਹਰਜਿੰਦਰ ਸਿੰਘ ਕੋਹਲੀ ਨੇ ਵੀ ਆਪਣੇ ਵਿਚਾਰਾਂ ਨਾਲ ਹਾਜ਼ਰੀ ਲਗਵਾਈ ਸੀ ।ਸਟੇਜ ਦੀ ਸੇਵਾ ਭਾਈ ਅਵਤਾਰ ਸਿੰਘ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾਈ ਸੀ। ਸਮਾਗਮ ਵਿੱਚ ਭਾਈ ਪਰਮਜੀਤ ਸਿੰਘ ਗਿੱਲ, ਭਾਈ ਬਲਰਾਜ ਸਿੰਘ ਢਿੱਲੋਂ, ਭਾਈ ਜਤਿੰਦਰ ਸਿੰਘ ਮੁਲਤਾਨੀ, ਭਾਈ ਕਮਲਜੀਤ ਸਿੰਘ ਵਿਰਦੀ, ਭਾਈ ਸਤਨਾਮ ਸਿੰਘ, ਭਾਈ ਰਸ਼ਪਾਲ ਸਿੰਘ ਸਮੇਤ ਵਡੀ ਗਿਣਤੀ ਅੰਦਰ ਸੰਗਤਾਂ ਨੇ ਸਮਾਗਮ ਵਿਚ ਸ਼ਮੂਲੀਅਤ ਕਰਦਿਆਂ ਭਾਈ ਮਹਿਲ ਸਿੰਘ ਬੱਬਰ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਂਟ ਕੀਤੇ ਸਨ।




ਆਵਾਜ਼ਿ ਕੌਮ AWAZE QAUM International Newspaper & WEB TV

### ਹਠੂਰ 'ਚ ਨੌਂਵਾਂ ਵਿਰਸਾ ਸੰਭਾਲ

# ਗੱਤਕਾ ਮੁਕਾਬਲਾ ਮਿੱਠੀਆਂ ਯਾਦਾਂ ਛੱਡਦਾ ਸਮਾਪਤ ਹੋਇਆ







**ਜਗਰਾਉਂ -(ਵਰਿਆਮ ਹਠੂਰ)**-ਇਤਿਹਾਸਕ ਕਸਬਾ ਹਠੂਰ ਵਿਖੇ ਭਾਈ ਬਚਿੱਤਰ ਸਿੰਘ ਗੱਤਕਾ ਅਖਾੜਾ ਹਠੂਰ ਵੱਲੋਂ ਸਮੂਹ ਗ੍ਰਾਮ ਪੰਚਾਇਤ, ਗੁਰਦੁਆਰਾ ਪ੍ਰਬੰਧਕ ਕਮੇਟੀ, ਨਗਰ ਨਿਵਾਸੀਆਂ, ਕੈਲੇਫੋਰਨੀਆਂ ਗੱਤਕਾ ਦਲ ਯੂ ਐੱਸ ਏ, ਅਤੇ ਐੱਨ ਆਰ ਆਈ ਵੀਰਾਂ ਦੇ ਸਹਿਯੋਗ ਸਦਕਾ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਅਤੇ 20ਵੀਂ ਸਦੀ ਦੇ ਮਹਾਨ ਜਰਨੈਲ ਅਤੇ ਦਮਦਮੀ ਟਕਸਾਲ ਦੇ 14ਵੇਂ ਮੁਖੀ ਰਹੇ ਸੰਤ ਗਿਆਨੀ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਜਨਮ ਦਿਹਾੜੇ ਨੂੰ ਸਮਰਪਿਤ 9ਵਾਂ ਵਿਰਸਾ ਸੰਭਾਲ ਗੱਤਕਾ ਮੁਕਾਬਲਾ ਇਤਿਹਾਸਕ ਗੁਰਦੁਆਰਾ ਪਾਤਸ਼ਾਹੀ ਛੇਵੀਂ ਦੇ ਨਜ਼ਦੀਕ ਬਣੀ ਪਾਰਕ ਵਿੱਚ ਕਰਵਾਇਆ ਗਿਆ, ਪਹਿਲਾਂ ਭਾਈ ਬਚਿੱਤਰ ਸਿੰਘ ਗੱਤਕਾ ਅਖਾੜਾ ਹਠੂਰ ਦੇ ਨੌਜਵਾਨ ਸਿੰਘਾਂ ਨੇ ਇਤਿਹਾਸਕ ਗੁਰਦੁਆਰਾ ਪਾਤਸ਼ਾਹੀ ਛੇਵੀਂ ਵਿਖੇ ਜੁੱਗੋ ਯੁੱਗ ਅਟੱਲ ਚਵਰ ਛਤਰ ਤਖ਼ਤ ਦੇ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਸਿਜਦਾ ਭੇਟ ਕੀਤਾ ਤੇ ਬਾਅਦ ਵਿੱਚ ਪਹੁੰਚੀਆਂ ਸਾਰੀਆਂ ਟੀਮਾਂ ਵੱਲੋਂ ਇਕੱਤਰ ਹੋ ਕੇ ਝੂਲਦੇ ਨਿਸ਼ਾਨਾਂ ਨਾਲ ਨਗਰ ਵਿੱਚ ਮਹੱਲਾ ਕੱਢਿਆ ਗਿਆ, ਅਰਦਾਸ ਉਪਰੰਤ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਦੀ ਗੂੰਜ ਵਿੱਚ ਸਟੇਜ ਦੀ ਸ਼ੁਰੂਆਤ ਹੋਈ, ਨਗਰ ਅਤੇ ਆਸ ਪਾਸ ਤੋਂ ਵੱਡੀ ਗਿਣਤੀ ਵਿੱਚ ਗੁਰਸੰਗਤਾਂ ਨੇ ਗੱਤਕਾ ਮੁਕਾਬਲੇ ਵੇਖਣ ਲਈ ਹਾਜ਼ਰੀ ਭਰੀ, ਪੰਜਾਬ ਦੀਆਂ ਵੱਖ ਵੱਖ ਥਾਵਾਂ ਤੋਂ ਲੜਕੇ ਅਤੇ ਲੜਕੀਆਂ ਦੀਆਂ ਗੱਤਕਾ ਟੀਮਾਂ ਨੇ ਸਟੇਜ ਤੋਂ ਗੱਤਕੇ ਦੇ ਜੌਹਰ ਵਿਖਾਏ ਤੇ ਇਕੱਤਰ ਗੁਰਸੰਗਤਾਂ ਦਾ ਦਿਲ ਮੋਹ ਲਿਆ, ਪ੍ਰੈੱਸ ਨਾਲ ਗੱਲਬਾਤ ਕਰਦਿਆਂ ਗੁਰੂ ਕਿਰਪਾ ਰਾਈਸ ਮਿੱਲ ਤੋਂ ਸਮਾਜ ਸੇਵੀ ਦਵਿੰਦਰ ਸਿੰਘ ਬੱਬੀ ਗਰੇਵਾਲ ਨੇ ਕਿਹਾ ਕਿ ਭਾਈ ਬਚਿੱਤਰ ਸਿੰਘ ਗੱਤਕਾ ਅਖਾੜਾ ਹਠੂਰ ਵਧਾਈ ਦਾ ਪਾਤਰ ਹੈ। ਜੋ ਨੌਜਵਾਨਾਂ ਨੂੰ ਨਸ਼ਿਆਂ ਅਤੇ ਪਤਿਤਪੁਣੇ ਤੋਂ ਮੁੜ ਗੁਰਸਿੱਖੀ ਨਾਲ ਜੋੜਨ ਲਈ ਉਪਰਾਲੇ ਕਰ ਰਿਹਾ ਹੈ। ਤੇ ਨਵੇਂ ਬੱਚਿਆਂ ਨੂੰ ਸਿੱਖੀ ਦਾ ਜਾਗ ਲਾ ਰਿਹਾ ਹੈ। ਅਜਿਹੇ ਗੱਤਕਾ ਮੁਕਾਬਲਿਆਂ ਨੂੰ ਵੇਖ ਕੇ ਬੱਚੇ ਬਾਣੀ ਅਤੇ ਬਾਣੇ ਨਾਲ ਜੁੜਨਗੇ, ਤੇ ਬੱਚਿਆਂ ਨੂੰ ਬਚਪਨ ਤੋਂ ਹੀ ਸਿੱਖੀ ਪ੍ਰਤੀ ਮੋਹ ਪੈਦਾ ਹੋਵੇਗਾ, ਬੀਬੀਆਂ ਭੈਣਾਂ ਵੀ ਮਾਈ ਭਾਗੋ ਦੀਆਂ ਵਾਰਿਸਾਂ ਬਣ ਕੇ ਊੜੇ ਅਤੇ ਜੂੜੇ ਦੀ ਰਾਖੀ ਲਈ ਅੱਗੇ ਆਉਣ, ਅੰਤ ਵਿੱਚ ਉਨ੍ਹਾਂ ਸਮੂਹ ਗ੍ਰਾਮ ਪੰਚਾਇਤ ਨਗਰ ਨਿਵਾਸੀਆਂ ਅਤੇ ਐੱਨ ਆਰ ਆਈ ਵੀਰਾਂ ਵੱਲੋਂ ਗੱਤਕਾ ਮੁਕਾਬਲੇ ਵਿੱਚ ਰੌਣਕਾਂ ਲਗਾਉਣ ਲਈ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ, ਇਸ ਮੌਕੇ ਦੀਪ ਸਿੱਧੂ ਦੇ ਭਰਾ ਮਨਦੀਪ ਸਿੰਘ ਸਿੱਧੂ ਨੇ ਬੋਲਦਿਆਂ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਵਿਰਾਸਤੀ ਖੇਡਾਂ ਨਾਲ ਜੋੜਨਾ ਸਮੇਂ ਦੀ ਮੁੱਖ ਲੋੜ ਹੈ। ਭਾਈ ਬਚਿੱਤਰ ਸਿੰਘ ਗੱਤਕਾ ਅਖਾੜਾ ਹਠੂਰ ਵਧਾਈ ਦਾ ਹੱਕਦਾਰ ਹੈ। ਜਿੰਨ੍ਹਾਂ ਨੇ 9ਵਾਂ ਵਿਰਸਾ ਸੰਭਾਲ ਗੱਤਕਾ ਮੁਕਾਬਲਾ ਕਰਵਾ ਕੇ ਦਿਲ ਜਿੱਤ ਲਿਆ,

### ਜੇਤੂ ਟੀਮਾਂ ਨੂੰ ਨਗਦ ਇਨਾਮ ਅਤੇ ਯਾਦਗਾਰੀ ਸਨਮਾਨ ਚਿੰਨ੍ਹ ਦੇ ਕੇ ਕੀਤਾ ਸਨਮਾਨਿਤ

ਲੜਕਿਆਂ ਦੀ ਟੀਮ ਪ੍ਰਦਰਸ਼ਨ ਵਿੱਚ ਪਹਿਲੇ ਨੰਬਰ ਤੇ ਅਕਾਲ ਸਹਾਇ ਗੱਤਕਾ ਅਕੈਡਮੀ ਲੁਧਿਆਣਾ, ਗੁਰੂ ਕਾਸ਼ੀ ਯੂਨੀਵਰਸਿਟੀ ਦਮਦਮਾ ਸਾਹਿਬ ਦੂਜੇ ਸਥਾਨ ਤੇ, ਸ਼ਾਹਿਬਜਾਦਾ ਬਾਬਾ ਫਤਹਿ ਸਿੰਘ ਗੱਤਕਾ ਅਖਾੜਾ (ਫਤਹਿਗੜ੍ਹ ਸਾਹਿਬ) ਤੀਜੇ ਸਥਾਨ ਤੇ, ਇਸੇ ਤਰ੍ਹਾਂ ਟੀਮ ਪ੍ਰਦਰਸ਼ਨ (ਲੜਕੀਆਂ) ਵਿੱਚ ਪਹਿਲੇ ਨੰਬਰ ਤੇ ਮੀਰੀ ਪੀਰੀ ਗੱਤਕਾ ਅਖਾੜਾ ਡੇਹਲੋਂ, ਦੂਜੇ ਨੰਬਰ ਤੇ ਮੀਰੀ ਪੀਰੀ ਗੱਤਕਾ ਅਖਾੜਾ ਲਸੋਈ, ਤੀਜੇ ਨੰਬਰ ਤੇ ਮਾਤਾ ਸਾਹਿਬ ਕੌਰ ਗਰਲਜ਼ ਕਾਲਜ (ਦਮਦਮਾ ਸਾਹਿਬ) 3 ਮੀਰੀ ਪੀਰੀ ਗੱਤਕਾ ਅਖਾੜਾ ਗਿੱਲ ਕਲਾ (ਬਠਿੰਡਾ) ਦੀਆਂ ਟੀਮਾਂ ਰਹੀਆਂ, ਜੇਤੂ ਟੀਮਾਂ ਨੂੰ ਸਟੇਜ ਤੋਂ ਭਾਈ ਬਚਿੱਤਰ ਸਿੰਘ ਗੱਤਕਾ ਅਖਾੜਾ ਹਠੂਰ, ਸਰਪੰਚ ਜਸਕਮਲਪ੍ਰੀਤ ਸਿੰਘ ਨਿੱਪਾ ਹਠੂਰ ਅਤੇ ਸਮੂਹ ਗ੍ਰਾਮ ਪੰਚਾਇਤ, ਦਵਿੰਦਰ ਸਿੰਘ ਬੱਬੀ ਗਰੇਵਾਲ ਹਠੂਰ, ਜਗਜੀਤ ਸਿੰਘ ਯੂ ਐੱਸ ਏ, ਕਥਾਵਾਚਕ ਭਾਈ ਗੁਰਜੰਟ ਸਿੰਘ ਰਸੂਲਪੁਰ, ਪ੍ਰਧਾਨ ਰਜਿੰਦਰ ਸਿੰਘ ਧਾਲੀਵਾਲ, ਇਤਿਹਾਸਕ ਗੁਰਦੁਆਰਾ ਪਾਤਸ਼ਾਹੀ ਛੇਵੀਂ ਦੀ ਪ੍ਰਬੰਧਕ ਕਮੇਟੀ, ਕਵੀਸ਼ਰ ਵਾਹਿਗੁਰੂ ਪਾਲ ਸਿੰਘ ਬੁਰਜ ਕੁਲਾਰਾ, ਮਾਰਕਿਟ ਕਮੇਟੀ ਹਠੂਰ ਦੇ ਚੇਅਰਮੈਨ ਕਰਮਜੀਤ ਸਿੰਘ ਕੰਮੀ, ਸਰਪੰਚ ਹਰਪ੍ਰੀਤ ਸਿੰਘ ਹੈਪੀ ਮਾਣੂੰਕੇ, ਆਈਡੀਅਲ ਕੌਨਵੈਂਟ ਸਕੂਲ ਹਠੂਰ ਦੇ ਪ੍ਰਿੰਸੀਪਲ ਅਜੇਪਾਲ ਸਿੰਘ ਧਾਲੀਵਾਲ ਸਮੇਤ ਹੋਰ ਸਤਿਕਾਰਯੋਗ ਸ਼ਖ਼ਸੀਅਤਾਂ ਨੇ ਯਾਦਗਾਰੀ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ, ਤੇ ਜੇਤੂ ਟੀਮਾਂ ਨੂੰ ਮੁਬਾਰਕਾਂ ਦਿੱਤੀਆਂ, ਨਗਰ ਦੇ ਸਰਪੰਚ ਜਸਕਮਲਪ੍ਰੀਤ ਸਿੰਘ ਨਿੱਪਾ ਹਠੂਰ ਅਤੇ ਇੰਦਰਪਾਲ ਸਿੰਘ ਕੈਨੇਡਾ ਨੇ ਭਾਈ ਬਚਿੱਤਰ ਸਿੰਘ ਗੱਤਕਾ ਅਖਾੜਾ ਹਠੂਰ ਦੇ ਜਥੇਦਾਰ ਭਾਈ ਹਰਪ੍ਰੀਤ ਸਿੰਘ ਖਾਲਸਾ ਨੂੰ ਸ਼ਲਾਘਾਯੋਗ ਉਪਰਾਲੇ ਲਈ ਵਧਾਈ ਦਿੱਤੀ, ਇਸ ਤੋਂ ਇਲਾਵਾ ਗੁਰੂ ਘਰ ਖੂਨਦਾਨ ਕੈਂਪ ਵੀ ਲਗਾਇਆ ਗਿਆ, ਪ੍ਰਬੰਧਕਾਂ ਵਿੱਚ ਲਵਦੀਪ ਸਿੰਘ ਕੈਨੇਡਾ , ਗੁਰਪ੍ਰੀਤ ਸਿੰਘ ਬਾਸੀ, ਲਵਪ੍ਰੀਤ ਸਿੰਘ ਹਰਪ੍ਰੀਤ ਸਿੰਘ ਲੜਾਈ, ਜਸਕਰਨ ਸਿੰਘ, ਭਾਈ ਗੁਰਜੰਟ ਸਿੰਘ ਜੀ ਖਾਲਸਾ ਰਸੂਲਪੁਰ, ਮਨਦੀਪ ਸਿੰਘ, ਗੁਰਦੀਪ ਸਿੰਘ, ਜਸ਼ਨਪ੍ਰੀਤ ਸਿੰਘ, ਸਮੇਤ ਵੱਡੀ ਗਿਣਤੀ ਵਿੱਚ ਗੁਰਸੰਗਤਾਂ ਹਾਜ਼ਰ ਸਨ।

## ਤਿੰਨ ਸਾਲਾਂ ਦੇ ਕਾਰਜਕਾਲ ਦੌਰਾਨ ਮਾਨ ਸਰਕਾਰ ਨੇ ਸੂਬੇ ਨੂੰ ਬੁਲੰਦੀਆਂ ਤੇ ਲਿਆਂਦਾ - ਚੇਅਰਮੈਨ ਜਸਪ੍ਰੀਤ ਸਿੰਘ



**ਚੌਕ ਮਹਿਤਾ, 31 ਮਾਰਚ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਪ ਸਰਕਾਰ ਦੇ ਤਿੰਨ ਸਾਲਾਂ ਦੇ ਕਾਰਜਕਾਲ ਨੂੰ ਇਤਿਹਾਸਿਕ ਦੱਸਦਿਆ ਜਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸ੍ਰ ਜਸਪ੍ਰੀਤ ਸਿੰਘ ਨੇ ਕਿਹਾ ਕਿ ਸਰਕਾਰ ਵੱਲੋਂ ਆਪਣੇ ਚੋਣ ਮੈਨੀਫੈਸਟ ਦੌਰਾਨ ਕੀਤੇ ਵਾਅਦੇ ਪੂਰੇ ਕੀਤੇ ਜਾ ਰਹੇ ਹਨ ਤੇ ਸਰਕਾਰ ਦੀਆਂ ਨੀਤੀਆਂ ਤੋਂ ਲੋਕ ਬਾਗੋਬਾਗ ਹਨ ਉਨ੍ਹਾਂ ਕਿਹਾ ਕਿ ਆਪ ਸਰਕਾਰ ਨੇ ਆਪਣੇ ਚੋਣ ਮੈਨੀਫੇਸਟੋ ਦੌਰਾਨ ਵੀ ਹਰ ਵਰਗ ਦਾ ਖਿਆਲ ਰੱਖਿਆ ਹੈ ਤੇ ਔਰਤਾਂ ਨੂੰ 1000 ਰੁਪਏ ਮਹੀਨਾ ਰਸੋਈ ਭੱਤਾ ਦੇਣ ਦੀ ਸਕੀਮ ਵੀ ਜਲਦੀ ਅਮਲ ਵਿੱਚ ਲਿਆਦੀ ਜਾਵੇਗੀ ।ਲੋਕ ਹੁਣ ਆਪ ਦੇ ਰਾਜ ਵਿੱਚ ਆਪਣੇ ਆਪ ਨੂੰ ਸੁਰੱਖਿਅਤ ਮੰਨ ਰਹੇ ਹਨ ਤੇ ਸੂਬੇ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਨਾਲ ਨਵੇਂ ਯੁੱਗ ਦੀ ਸੁਰੁਆਤ ਹੋਈ ਹੈ ਆਪ ਸਰਕਾਰ ਵੱਲੋਂ ਸੂਬੇ ਵਿੱਚ ਰਜਿਸਟਰੀਆਂ ਹੋਣ ਸਮੇਂ ਐਨ.ਓ ਸੀ. ਦੀ ਸਰਤ ਵੀ ਖਤਮ ਕਰ ਦਿੱਤੀ ਗਈ ਹੈ, ਤੀਰਥ ਯਾਤਰਾ ਯੋਜਨਾ ਤਾਹਿਤ ਧਾਰਮਿਕ ਸਥਾਨਾਂ ਦੇ ਦਰਸਨ ਕਰਵਾਏ ਜਾ ਰਹੇ ਹਨ , ਸੜਕ ਸੁਰੱਖਿਆ ਫੋਰਸ ਦੀ ਸੁਰੂਆਤ ਨਾਲ ਸੂਬੇ ਵਿੱਚ ਸੜਕੀ ਹਾਦਸੇ ਘਟਣਗੇ, ਸੂਬੇ ਦੇ ਵਸਨੀਕਾਂ ਨੂੰ 300 ਯੂਨਿਟ ਪ੍ਰਤੀ ਮਹਿਨੇ ਦੇ ਲਾਭ ਦਿੱਤਾ ਜਾ ਰਿਹਾ ਹੈ, ਸੂਬੇ ਦੇ 664 ਆਮ ਆਦਮੀ ਕਲੀਨਿਕਾ ਵਿੱਚ ਲੋਕਾਂ ਨੂੰ ਮੁਫਤ ਸਿਹਤ ਸੇਵਾਵਾ ਮਿਲ ਰਹੀਆਂ ਹਨ ਤੇ ਬੇਰੁਜਗਾਰ ਨੌਜਵਾਨਾਂ ਨੂੰ ਰੁਜਗਾਰ ਮੁਹੱਈਆ ਕਰਵਾਏ ਜਾ ਰਹੇ ਹਨ, ਲੋਕਾਂ ਦੇ ਘਰੇਲੂ ਕੰਮਕਾਜ ਸੇਵਾ ਕੇਂਦਰਾਂ ਵਿੱਚ ਅਸਾਨੀ ਨਾਲ ਹੋ ਰਹੇ ਹਨ ਤੇ ਕਰਮਚਾਰੀ ਘਰ ਆ ਕੇ ਵੀ ਲੋਕਾਂ ਦੇ ਕੰਮਕਾਜ ਕਰ ਰਹੇ ਹਨ, ਖੇਡਾਂ ਵਿੱਚ ਨਾਮ ਕਮਾਉਣ ਵਾਲੇ ਖਿਡਾਰੀਆਂ ਦਾ ਮਾਣ ਸਨਮਾਨ ਕੀਤਾ ਜਾ ਰਿਹਾ ਹੈ।

## ਪੰਥਕ ਕਵੀ ਚੈਨ ਸਿੰਘ ਚੱਕਰਵਰਤੀ ਦੇ ਅੱਠ ਸਾਲਾ ਪੋਤਰੇ ਨਵਬੀਰ ਸਿੰਘ ਗੈਵੀ ਦੀ ਅੰਤਿਮ ਅਰਦਾਸ 2 ਅਪ੍ਰੈਲ ਨੂੰ



**ਜੰਡਿਆਲਾ ਗੁਰੂ, 31 ਮਾਰਚ (ਕੁਲਵੰਤ ਸਿੰਘ ਵਿਰਦੀ)**-ਅੱਜ ਜਾਣਕਾਰੀ ਸਾਂਝੀ ਕਰਦਿਆਂ ਹੋਇਆਂ ਐਡਵੋਕੇਟ ਸ਼ੁਕਰਗੁਜ਼ਾਰ ਸਿੰਘ ਜੰਡਿਆਲਾ ਗੁਰੂ ਨੇ ਬੜੇ ਦੁਖੀ ਹਿਰਦੇ ਨਾਲ ਦੱਸਿਆ ਕਿ ਪੰਥਕ ਕਵੀ ਸ. ਚੈਨ ਸਿੰਘ ਚੱਕਰਵਰਤੀ ਦਾ ਜਵਾਨੀ ਦੀ ਦਹਿਲੀਜ਼ 'ਤੇ ਖੜਿਆ ਅਤੇ ਬਾਲ ਉਮਰ ਦੀਆਂ ਪੈਲਾਂ ਪਾਉਂਦਾ ਬਹੁਤ ਹੀ ਪਿਆਰਾ ਤੇ ਸੁਨੱਖਾ ਪੋਤਰਾ ਨਵਬੀਰ ਸਿੰਘ ਗੈਵੀ ਜੋ ਪਿਛਲੇ ਦਿਨੀਂ ਜਰਮਨੀ 'ਚ ਇੱਕ ਸੜਕ ਹਾਦਸੇ ਦੌਰਾਨ ਦਾਦੇ-ਦਾਦੀ, ਨਾਨੇ-ਨਾਨੀ, ਮਾਪਿਆਂ, ਰਿਸ਼ਤੇਦਾਰਾਂ, ਸਨੇਹੀਆਂ ਨੂੰ ਰੋਂਦਿਆਂ ਕੁਰਲਾਉਂਦਿਆਂ ਛੱਡਕੇ ਸਦਾ ਲਈ ਆਕਾਲ ਪੁਰਖ ਦੇ ਚਰਨਾਂ ਵਿੱਚ ਚਲਾ ਗਿਆ, ਅਤੇ ਗੈਵੀ ਦੀ ਅੰਤਿਮ ਅਰਦਾਸ ਮਿਤੀ 2 ਅਪ੍ਰੈਲ ਨੂੰ ਗੁਰਦੁਆਰਾ ਸਿੰਘ ਸਭਾ, ਮਿਆਣੀ ਰੋਡ, ਦਸੂਹਾ ਵਿਖੇ ਹੋਵੇਗੀ। ।

## ਪੰਜਾਬ ਸਰਕਾਰ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਦੀ ਬਜਾਏ ਉਨ੍ਹਾਂ ਦਾ ਭਵਿੱਖ ਰੋਲ੍ਹਣ ਤੇ ਲੱਗੀ-ਪੁਰਖਾਲਵੀ

## ਮੁੱਖ ਮੰਤਰੀ ਭਾਸ਼ਾ ਵਿਭਾਗ ਪੰਜਾਬ ਦਾ ਭੋਗ ਪਾਉਣ ਦੀ ਤਿਆਰੀ ਵਿੱਚ ਰੁੱਝੇ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ ( ਰਣਜੀਤ ਸਿੰਘ ਪੇਧਨੀ )**-"ਪੰਜਾਬ ਦੇ ਮੁੱਖ ਮੰਤਰੀ ਵੱਲੋਂ ਨੌਜਵਾਨਾਂ ਨੂੰ 52,605 ਨੌਕਰੀਆਂ ਦੇਣ ਦੇ ਦਾਅਵੇ ਮਹਿਜ ਇੱਕ ਸਿਆਸੀ ਬਿਆਨ ਤੀਕ ਹੀ ਸਿਮਟਕੇ ਰਹਿ ਗਏ ਹਨ ਜਿਹੜੇ ਕਿ ਬੇਰੋਜਗਾਰ ਨੌਜਵਾਨਾਂ ਦੇ ਜ਼ਖ਼ਮਾਂ ਤੇ ਲੂਣ ਸੁੱਟਣ ਦੇ ਬਰਾਬਰ ਹੈ, "ਇਹ ਪ੍ਰਗਟਾਵਾ ਦਲਿਤ ਚੇਤਨਾ ਮੰਚ ਪੰਜਾਬ ਦੇ ਸੂਬਾਈ ਪ੍ਰਧਾਨ ਅਤੇ ਉੱਘੇ ਸਮਾਜ ਸੇਵੀ ਸ਼ਮਸ਼ੇਰ ਪੁਰਖਾਲਵੀ ਨੇ ਆਪਣੇ ਇੱਕ ਬਿਆਨ ਵਿੱਚ ਕੀਤਾ।

ਪ੍ਰੈਸ ਨੂੰ ਜਾਰੀ ਇੱਕ ਲਿਖਤੀ ਬਿਆਨ ਵਿੱਚ ਦਲਿਤ ਆਗੂ ਸ਼੍ਰੀ ਪੁਰਖਾਲਵੀ ਨੇ ਕਿਹਾ ਕਿ ਰਾਜ ਸਰਕਾਰ ਦੇ ਅਨੁਸੂਚਿਤ ਜਾਤੀ ਭਲਾਈ ਵਿਭਾਗ ਪੰਜਾਬ ਵੱਲੋਂ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਪੰਜਾਬ ਦੇ ਅਧੀਨ ਰਾਜ ਦੀਆਂ ਵੱਖ-ਵੱਖ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ (ਆਈਟੀਆਈ'ਜ) ਵਿੱਚ ਪਿਛਲੇ 16 ਸਾਲਾਂ ਤੋਂ ਅਨੁਸੂਚਿਤ ਜਾਤੀ ਵਰਗ ਦੇ ਉਥਾਨ ਅਤੇ ਭਲਾਈ ਲਈ ਹੋਰਨਾਂ ਕੋਰਸਾਂ ਦੇ ਨਾਲ-ਨਾਲ ਪੰਜਾਬੀ ਸਟੈਨੋਗ੍ਰਾਫੀ ਦੇ ਕੋਰਸ ਵੀ ਚਲਾਏ ਜਾ ਰਹੇ ਹਨ ਜਿੱਥੋਂ ਦਸਵੀਂ ਪਾਸ ਸਿਖਿਆਰਥੀ ਇੱਕ ਸਾਲਾ ਕੋਰਸ ਕਰਨ ਉਪਰੰਤ ਨੌਕਰੀ ਦੇ ਨਾਲ-ਨਾਲ ਆਪਣਾ ਸਵੈ-ਰੋਜ਼ਗਾਰ ਚਲਾਉਣ ਦੇ ਸਮਰੱਥ ਬਣ ਜਾਂਦੇ ਸਨ। ਇਨ੍ਹਾਂ ਐਸਸੀ ਸਿਖਿਆਰਥੀਆਂ ਜਿਨ੍ਹਾਂ ਵਿੱਚ ਵਧੇਰੇ ਲੜਕੀਆਂ ਸ਼ਾਮਲ ਹਨ ਨੂੰ ਟ੍ਰੇਨਿੰਗ ਕਰਵਾਉਣ ਵਾਲੇ ਇੰਸਟਰਕਟਰਾਂ ਦੀ ਰੈਗੂਲਰ ਭਰਤੀ ਕਰਨ ਦੀ ਥਾਂ ਉਨ੍ਹਾਂ ਨੂੰ ਉੱਕਾ-ਪੱਕਾ 15000 ਰੁਪਏ ਤਨਖਾਹ ਦੇਕੇ ਹੀ ਕੰਮ ਚਲਾਇਆ ਜਾ ਰਿਹਾ ਹੈ। ਜਿਕਰਯੋਗ ਐ ਕਿ ਵਿਭਾਗ ਵੱਲੋਂ ਪਿਛਲੇ 13 ਸਾਲਾਂ ਦੌਰਾਨ ਕਰਾਫਟਸਮੈਨ ਇੰਸਟਰਕਟਰਾਂ ਦੀ ਇੱਕ ਵੀ ਰੈਗੂਲਰ ਭਰਤੀ ਨਹੀਂ ਕੀਤੀ ਜਦਕਿ ਸੈਂਕੜੇ ਮੁਲਾਜ਼ਮ ਸੇਵਾ ਮੁਕਤ ਹੋਣ ਕਾਰਨ ਮੌਜੂਦਾ ਸਮੇਂ ਵਿਭਾਗ ਵਿੱਚ 65 ਪ੍ਰਤੀਸ਼ਤ ਤੋਂ ਵਧੇਰੇ ਸੀਟਾਂ ਖਾਲੀ ਪਈਆਂ ਹਨ।

ਵਿਭਾਗ ਵੱਲੋਂ ਆਪਣੇ ਪੱਤਰ ਨੰਬਰ 49T-PCM060(11)/20/2024/5-750618/177-313 ਮਿਤੀ 07/01/2025 ਰਾਹੀਂ ਪਿਛਲੇ 8/10 ਸਾਲਾਂ ਤੋਂ ਸੇਵਾ ਨਿਭਾਅ ਰਹੇ ਇੰਸਟਰਕਟਰਾਂ ਦਾ ਰੱਸਾ ਲਪੇਟ ਕੇ ਉਨ੍ਹਾਂ ਨੂੰ ਬੇਰੋਜਗਾਰੀ ਦੇ ਰਾਹ ਤੋਰ ਦਿੱਤਾ ਗਿਆ ਹੈ ਜਿਸ ਵਿੱਚ ਵਿਭਾਗ ਵੱਲੋਂ ਭਾਸ਼ਾ ਵਿਭਾਗ ਪੰਜਾਬ ਦੇ ਕੋਰਸਾਂ ਲਈ ਮਾਨਤਾ ਨਾ ਹੋਣ ਦਾ ਤਰਕ ਦਿੱਤਾ ਗਿਆ ਹੈ।

ਦਲਿਤ ਆਗੂ ਸ਼ਮਸ਼ੇਰ ਪੁਰਖਾਲਵੀ ਨੇ ਪੰਜਾਬ ਸਰਕਾਰ ਵੱਲੋਂ ਆਪਣੇ ਹੀ ਮੂਲ ਵਿਭਾਗ ਨੂੰ ਰੱਦ ਕਰਨ ਦੇ ਆਦੇਸ਼ ਦੀ ਸਖ਼ਤ ਮੁਖਾਲਫਤ ਕਰਦਿਆਂ ਸਪੱਸ਼ਟ ਕੀਤਾ ਕਿ ਤੱਤਕਾਲੀ ਹਕੂਮਤ ਵੱਲੋਂ ਆਪਣੇ ਪੱਤਰ ਨੰਬਰ 4/4/80-1ਸਿੰ(5)/3345 07/10/1980 ਰਾਹੀਂ ਪਹਿਲਾਂ ਹੀ ਭਾਸ਼ਾ ਵਿਭਾਗ ਦੇ ਸ਼ਾਰਟਹੈਂਡ ਕੋਰਸਾਂ ਨੂੰ ਆਈਟੀਆਈ ਦੇ ਬਰਾਬਰ ਮਾਨਤਾ ਦਿੱਤੀ ਗਈ ਹੈ। ਸ਼੍ਰੀ ਪੁਰਖਾਲਵੀ ਨੇ ਕਿਹਾ ਕਿ ਵਿਭਾਗ ਦੇ ਉਕਤ ਪੱਤਰ ਨਾਲ ਜਿੱਥੇ ਸਰਕਾਰ ਵੱਲੋਂ ਰੋਜ਼ਗਾਰ ਦੇਣ ਦੇ ਦਾਅਵਿਆਂ ਦੀ ਫੂਕ ਨਿਕਲੀ ਹੈ ਉੱਥੇ ਹੀ ਇਨਕਲਾਬੀ ਹਕੂਮਤ ਦੇ ਪੰਜਾਬੀ ਪ੍ਰਤੀ ਵਿਤਕਰੇ ਨੂੰ ਵੀ ਨੰਗਾ ਕਰਕੇ ਰੱਖ ਦਿੱਤਾ ਹੈ।

ਸ਼੍ਰੀ ਪੁਰਖਾਲਵੀ ਨੇ ਪੰਜਾਬ ਸਰਕਾਰ ਦੀ ਕਾਬਲੀਅਤ ਤੇ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਇੰਸਟਰਕਟਰਾਂ ਨੂੰ ਅਗਸਤ 2024-ਜੁਲਾਈ 2025 ਸੈਸ਼ਨ ਅਧੀਨ ਚੱਲ ਰਹੇ ਕੋਰਸਾਂ ਦੇ ਮੱਧ ਵਿੱਚ ਇੰਸਟਰਕਟਰਾਂ ਦੀ ਛੁੱਟੀ ਕਰਕੇ ਜਿੱਥੇ ਉਨ੍ਹਾਂ ਨੂੰ ਬੇਰੋਜਗਾਰ ਕੀਤਾ ਗਿਆ ਹੈ ਉੱਥੇ ਹੀ ਸੈਂਕੜੇ ਸਿਖਿਆਰਥੀਆਂ ਦੀ ਟ੍ਰੇਨਿੰਗ ਨੂੰ ਅੱਧ-ਵਿਚਾਲੇ ਲਾਂਬੂ ਲਾਕੇ ਉਨ੍ਹਾਂ ਦੇ ਭਵਿੱਖ ਨੂੰ ਵੀ ਖਰਾਬ ਕੀਤਾ ਗਿਆ ਹੈ ਜਿਹੜਾ ਕਿ ਅਤਿਨਿੰਦਣਯੋਗ ਹੈ। ਸ਼੍ਰੀ ਪੁਰਖਾਲਵੀ ਨੇ ਦਾਅਵਾ ਕੀਤਾ ਕਿ ਭਲਾਈ ਵਿਭਾਗ ਵੱਲੋਂ ਅਨੁਸੂਚਿਤ ਜਾਤੀ ਦੇ ਸਿਖਿਆਰਥੀਆਂ ਲਈ ਪਿਛਲੇ 16-17 ਸਾਲਾਂ ਤੋਂ ਚਲਾਏ ਜਾ ਰਹੀਆਂ ਅਨੇਕਾਂ ਟਰੇਡਾਂ ਨੂੰ ਮੌਜੂਦਾ ਦਲਿਤ ਵਿਰੋਧੀ ਸਰਕਾਰ ਵੱਲੋਂ ਇੱਕ-ਇੱਕ ਕਰਕੇ ਸਾਜਿਸ਼ ਤਹਿਤ ਇਨ੍ਹਾਂ ਦਾ ਭੋਗ ਪਾਇਆ ਜਾ ਰਿਹਾ ਹੈ ਜਿਹੜਾ ਕਿ ਸਰਕਾਰ ਦੀ ਦਲਿਤ ਵਿਰੋਧੀ ਮਾਨਸਿਕਤਾ ਨੂੰ ਤਸਦੀਕ ਕਰਦਾ ਹੈ।

ਸ਼੍ਰੀ ਪੁਰਖਾਲਵੀ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਦਲਿਤਾਂ ਦੇ ਉਥਾਨ ਲਈ ਚਲਾਏ ਜਾ ਰਹੇ ਇਨ੍ਹਾਂ ਕੋਰਸਾਂ ਦੀ ਆੜ ਵਿੱਚ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਦੇ ਅਧਿਕਾਰੀਆਂ ਵੱਲੋਂ ਬੀਤੇ ਸਮੇਂ ਦੌਰਾਨ ਕੀਤੇ ਗਏ ਕਰੋੜਾਂ ਦੇ ਭ੍ਰਿਸ਼ਟਾਚਾਰ ਦੀ ਸੀਬੀਆਈ ਤੋਂ ਉੱਚ ਪੱਧਰੀ ਜਾਂਚ ਕਰਵਾਈ ਜਾਵੇ ਅਤੇ ਚੱਲ ਰਹੇ ਕੋਰਸਾਂ ਦੀ ਲਗਾਤਾਰਤਾ ਨੂੰ ਕਾਇਮ ਰੱਖਿਆ ਜਾਵੇ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਵਾਂਗ

# ਹਰ ਸਿੱਖ ਸੰਤ-ਸਿਪਾਹੀ ਬਣਨਾ ਚਾਹੁੰਦੈ : ਭਾਈ ਰਣਜੀਤ ਸਿੰਘ/ਭਾਈ ਮੋਹਕਮ ਸਿੰਘ

ਅੰਮ੍ਰਿਤਸਰ, 31 ਮਾਰਚ ( ): ਵੀਹਵੀਂ ਸਦੀ ਦੇ ਮਹਾਨ ਸਿੱਖ, ਜਰਨੈਲਾਂ ਦੇ ਜਰਨੈਲ ਅਤੇ ਦਮਦਮੀ ਟਕਸਾਲ ਦੇ ਚੌਦ੍ਹਵੇਂ ਮੁਖੀ ਅਮਰ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ, ਸ਼ਹੀਦ ਭਾਈ ਅਮਰੀਕ ਸਿੰਘ, ਸ਼ਹੀਦ ਜਨਰਲ ਸੁਬੇਗ ਸਿੰਘ ਅਤੇ ਸ਼ਹੀਦ ਬਾਬਾ ਠਾਹਰਾ ਸਿੰਘ ਦੀ ਅਗਵਾਈ 'ਚ ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਜ਼ਮਤ ਦੀ ਰਾਖੀ ਕਰਦਿਆਂ ਜੂਨ 1984 ਦੇ ਘੱਲੂਘਾਰੇ 'ਚ ਭਾਰਤੀ ਫ਼ੌਜਾਂ ਵਿਰੁੱਧ ਜੂਝ ਕੇ ਸ਼ਹਾਦਤ ਦਾ ਜਾਮ ਪੀਣ ਵਾਲੇ ਸਿੱਖ ਕੌਮ ਦੇ ਮਹਾਨ ਯੋਧੇ ਸ਼ਹੀਦ ਭਾਈ ਰਸਾਲ ਸਿੰਘ ਆਰਫਕੇ ਦੀ ਯਾਦ 'ਚ ਮਹਾਨ ਸ਼ਹੀਦੀ ਸਮਾਗਮ ਉਹਨਾਂ ਦੇ ਗ੍ਰਹਿ ਪਿੰਡ ਆਰਫਕੇ, ਜ਼ਿਲ੍ਹਾ ਫ਼ਿਰੋਜ਼ਪੁਰ ਵਿਖੇ ਖ਼ਾਲਸਾਈ ਜਾਹੋ-ਜਲਾਲ ਨਾਲ ਮਨਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਦੀਵਾਨ ਸਜੇ, ਜਿਸ ਵਿੱਚ ਅਨੇਕਾਂ ਸੰਤਾਂ-ਮਹਾਂਪੁਰਸ਼ਾਂ, ਪੰਥਕ ਜਥੇਬੰਦੀਆਂ ਦੇ ਆਗੂਆਂ ਤੇ ਭਾਰੀ ਗਿਣਤੀ 'ਚ ਸੰਗਤਾਂ ਨੇ ਹਾਜ਼ਰੀ ਭਰੀ।




ਸਮਾਗਮ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਗੁਰਮੁੱਖ ਸਿੰਘ, ਦਲ ਪੰਥ ਬਾਬਾ ਬਿਧੀ ਚੰਦ ਸੰਪਰਦਾ ਦੇ ਮੁਖੀ ਜਥੇਦਾਰ ਬਾਬਾ ਅਵਤਾਰ ਸਿੰਘ ਨਿਹੰਗ ਸੁਰਸਿੰਘ ਵਾਲਿਆਂ ਦੇ ਸਪੁੱਤਰ ਬਾਬਾ ਪ੍ਰੇਮ ਸਿੰਘ, ਸਿੱਖ ਪ੍ਰਚਾਰਕ ਅਤੇ ਪੰਥਕ ਅਤੇ ਪੰਥਕ ਲੇਖਕ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ (ਪ੍ਰਧਾਨ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ), ਪੰਥਕ ਆਗੂ ਭਾਈ ਮੋਹਕਮ ਸਿੰਘ ਦਮਦਮੀ ਟਕਸਾਲ, ਜਥੇਦਾਰ ਬਾਬਾ ਜੋਗਾ ਸਿੰਘ ਤਰਨਾ ਦਲ ਵਾਲੇ, ਭਾਈ ਸਰਬਜੀਤ ਸਿੰਘ ਖਾਲਸਾ ਐਮ.ਪੀ ਫਰੀਦਕੋਟ, ਡਿਬਰੂਗੜ੍ਹ ਜੇਲ੍ਹ ਵਿੱਚ ਨਜ਼ਰਬੰਦ ਭਾਈ ਅੰਮ੍ਰਿਤਪਾਲ ਸਿੰਘ ਐਮ.ਪੀ ਦੇ ਮਾਤਾ ਬੀਬੀ ਬਲਵਿੰਦਰ ਕੌਰ, ਜਥੇਦਾਰ ਗਿਆਨੀ ਸੁਖਦੇਵ ਸਿੰਘ ਬੰਡਾਲਾ ਬੁੱਕਣ ਖਾਂ ਵਾਲੇ, ਜਥੇਦਾਰ ਭਾਈ ਸਤਨਾਮ ਸਿੰਘ ਮਨਾਵਾਂ, ਜਥੇਦਾਰ ਬਾਬਾ ਸੱਜਣ ਸਿੰਘ ਵਾੜਾ ਸ਼ੇਰ ਸਿੰਘ ਵਾਲੇ (ਮੁੱਖ ਸਲਾਹਕਾਰ ਇੰਟਰਨੈਸ਼ਨਲ ਪੰਥਕ ਦਲ), 34 ਸਾਲ ਜੇਲ੍ਹ ਕੱਟਣ ਵਾਲੇ ਜੁਝਾਰੂ ਭਾਈ ਰਜਿੰਦਰ ਸਿੰਘ ਮੁਗਲਵਾਲ, ਗਿਆਨੀ ਜਤਿੰਦਰਪਾਲ ਸਿੰਘ ਜੋਧ, ਕਵੀਸ਼ਰੀ ਜਥਾ ਭਾਈ ਗੁਰਪਾਲ ਸਿੰਘ ਮਾੜੀਮੇਘਾ, ਬਾਬਾ ਜਸਵੰਤ ਸਿੰਘ ਸੋਢੀ ਆਸਲ ਵਾਲੇ, ਬਾਬਾ ਜੁਗਰਾਜ ਸਿੰਘ ਸਰਗਿੰਦ, ਭਾਈ ਕੰਵਰਚੜ੍ਹਤ ਸਿੰਘ, ਬਾਬਾ ਦਿਲਬਾਗ ਸਿੰਘ ਆਰਫਕੇ, ਸੰਤ ਬਾਬਾ ਕੁਲਦੀਪ ਸਿੰਘ ਝਾੜ ਸਾਹਿਬ ਵਾਲੇ, ਸੰਤ ਬਾਬਾ ਜਸਕਰਨ ਸਿੰਘ ਅਕਬਰਪੁਰ ਵਾਲੇ, ਭਾਈ ਲਖਬੀਰ ਸਿੰਘ ਮਹਾਲਮ (ਸਤਿਕਾਰ ਕਮੇਟੀ), ਗਿਆਨੀ ਤੇਜਬੀਰ ਸਿੰਘ ਦਮਦਮੀ ਟਕਸਾਲ, ਭਾਈ ਚਮਕੌਰ ਸਿੰਘ ਦਮਦਮੀ ਟਕਸਾਲ, ਭਾਈ ਗੁਰਮੀਤ ਸਿੰਘ ਦਮਦਮੀ ਟਕਸਾਲ, ਭਾਈ ਭਜਨ ਸਿੰਘ ਦੁਆਬੀਆ, ਬੀਬੀ ਕੁਲਵਿੰਦਰ ਕੌਰ ਤੁਗਲਵਾਲਾ, ਬਾਬਾ ਭੋਲਾ ਸਿੰਘ, ਬਾਬਾ ਜਰਨੈਲ ਸਿੰਘ ਉਸਮਾਨਵਾਲਾ, ਭਾਈ ਬਖਸੀਸ਼ ਸਿੰਘ, ਭਾਈ ਮਨਜੀਤ ਸਿੰਘ ਆਰਫਕੇ, ਭਾਈ ਨਰੈਣ ਸਿੰਘ, ਭਾਈ ਦਲਜੀਤ ਸਿੰਘ ਮਹਾਲਮ, ਬਾਬਾ ਦਰਸ਼ਨ ਸਿੰਘ ਬੋਰੀਵਾਲਾ ਆਦਿ ਜੱਥਿਆਂ ਨੇ ਪੰਥਕ ਵਿਚਾਰਾਂ ਦੀ ਸਾਂਝ ਕਰਦਿਆਂ ਸ਼ਹੀਦਾਂ ਨੂੰ ਸ਼ਰਧਾ ਦੇ ਫ਼ੁੱਲ ਭੇਟ ਕੀਤੇ।

ਇਸ ਮੌਕੇ ਭਿੰਡਰਾਂਵਾਲਾ ਦਾ ਫੈਡਰੇਸ਼ਨ ਦੇ ਮੁਖੀ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਜੋਸ਼ੀਲੀ ਤਕਰੀਰ ਕਰਦਿਆਂ ਸੰਤ ਭਿੰਡਰਾਂਵਾਲਿਆਂ ਬਾਰੇ ਕਈ ਭੁਲੇਖੇ ਦੂਰ ਕੀਤੇ ਅਤੇ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਜਵਾਬ ਦਿੰਦਿਆਂ ਕਿਹਾ ਕਿ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਵਾਂਗ ਹਰ ਸਿੱਖ ਸੰਤ-ਸਿਪਾਹੀ ਬਣਨਾ ਚਾਹੁੰਦਾ ਹੈ। ਉਹਨਾਂ ਕਿਹਾ ਕਿ ਖ਼ਾਲਿਸਤਾਨ ਹਊਆ ਨਹੀਂ, ਇਹ ਖ਼ਾਲਸਾ ਰਾਜ ਦਾ ਹੀ ਸੰਕਲਪ ਹੈ ਜੋ ਬਾਬਾ ਬੰਦਾ ਸਿੰਘ ਬਹਾਦਰ ਅਤੇ ਮਹਾਰਾਜਾ ਰਣਜੀਤ ਸਿੰਘ ਨੇ ਸਿਰਜਿਆ ਸੀ। ਉਹਨਾਂ ਕਿਹਾ ਕਿ ਅੰਤਰਰਾਸ਼ਟਰੀ ਪੱਧਰ ਉੱਤੇ ਸਿੱਖਾਂ ਦੇ ਸੋਹਿਲੇ ਗਾਏ ਜਾ ਰਹੇ ਹਨ, ਹੁਣ ਖਾਲਿਸਤਾਨ ਦੀ ਮੰਜ਼ਲ ਦੂਰ ਨਹੀਂ ਹੈ, ਸਾਡੇ ਸ਼ਹੀਦਾਂ ਦਾ ਸੁਪਨਾ ਅਵੱਸ਼ ਪੂਰਾ ਹੋਵੇਗਾ। ਭਾਈ ਮੋਹਕਮ ਸਿੰਘ ਨੇ ਵੀ ਸੰਤ ਭਿੰਡਰਾਂਵਾਲਿਆਂ ਤੇ ਭਾਈ ਰਸਾਲ ਸਿੰਘ ਆਰਫਕੇ ਦੇ ਉੱਚੇ ਸੁੱਚੇ ਜੀਵਨ ਉੱਤੇ ਚਾਨਣਾ ਪਾਇਆ। ਭਾਈ ਸਤਨਾਮ ਸਿੰਘ ਮਨਾਵਾਂ ਨੇ ਬਾਦਲ ਦਲ ਉਤੇ ਨਿਸ਼ਾਨੇ ਲਾਏ।

ਸ਼ਹੀਦ ਭਾਈ ਰਸਾਲ ਸਿੰਘ ਆਰਫਕੇ ਦੇ ਸਪੁੱਤਰ ਭਾਈ ਨਿਰਮਲ ਸਿੰਘ ਨੇ ਸਭ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਅਪੀਲ ਕੀਤੀ ਕਿ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਵੱਲੋਂ ਲਿਖੀ ਤਵਾਰੀਖ਼ ਸ਼ਹੀਦ-ਏ-ਖ਼ਾਲਿਸਤਾਨ ਕਿਤਾਬ ਵਿੱਚੋਂ ਸਮੂਹ ਸ਼ਹੀਦਾਂ ਦਾ ਇਤਿਹਾਸ ਪੜ੍ਹ ਕੇ ਸੰਤ ਭਿੰਡਰਾਂਵਾਲਿਆਂ ਦੇ ਬਚਨਾਂ ਉੱਤੇ ਪਹਿਰਾ ਦਿੱਤਾ ਜਾਵੇ। ਪੰਥਕ ਆਗੂ ਭਾਈ ਮੋਹਕਮ ਸਿੰਘ, ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਅਤੇ ਭਾਈ ਸਤਨਾਮ ਸਿੰਘ ਮਨਾਵਾਂ ਨੇ ਸ਼ਹੀਦ ਭਾਈ ਰਸਾਲ ਸਿੰਘ ਆਰਫਕੇ ਦੇ ਸਪੁੱਤਰ ਸਮੇਤ ਵੀਹ ਤੋਂ ਵੱਧ ਸ਼ਹੀਦਾਂ ਦੇ ਪਰਿਵਾਰਾਂ ਅਤੇ ਪੰਥਕ ਸ਼ਖਸੀਅਤਾਂ ਦਾ ਸਨਮਾਨ ਕੀਤਾ। ਇਸ ਮੌਕੇ ਅਮਨਜੀਤ ਸਿੰਘ ਆਰਿਫਕੇ ਵੱਲੋਂ ਮੁਫ਼ਤ ਮੈਡੀਕਲ ਕੈਂਪ ਵੀ ਲਾਇਆ ਗਿਆ। ਡਾ. ਗੁਰਜਿੰਦਰ ਸਿੰਘ ਨੇ ਕੇਸਰੀ ਚੈਂਨਲ ਰਾਹੀਂ ਮੀਡੀਆ ਕਵਰੇਜ ਕੀਤੀ। ਗੁਰੂ ਕੇ ਲੰਗਰ, ਮਠਿਆਈਆਂ, ਜਲੇਬੀਆਂ, ਪਕੌੜੇ ਆਦਿ ਅਤੁੱਟ ਵਰਤੇ।

### ਗੁਰਦੁਆਰਾ ਅਖੰਡ ਪ੍ਰਕਾਸ਼ ਸੰਪਰਦਾਇ ਭਿੰਡਰਾਂ ਦੇ ਮੁਖੀ ਦੀ ਦਸਤਾਰਬੰਦੀ ਨੂੰ ਲੈ ਕੇ ਵਿਵਾਦ ਵਧਿਆ

# ਦੇਰ ਰਾਤ ਕਬਜ਼ੇ ਨੂੰ ਲੈ ਕੇ ਦੋਹੇਂ ਧਿਰਾਂ ਆਪਸ ਵਿੱਚ ਭਿੜੀਆਂ; ਵੱਡੀ ਗਿਣਤੀ ਪੁਲੀਸ ਮੁਲਾਜ਼ਮ ਤਾਇਨਾਤ

**ਧਰਮਕੋਟ, 30 ਮਾਰਚ (ਆਵਾਜ਼ਿ ਕੌਮ ਬਿਊਰੋ)**-ਦਮਦਮੀ ਟਕਸਾਲ ਦੇ ਪਹਿਲੇ ਹੈਡਕੁਆਰਟਰ ਗੁਰਦੁਆਰਾ ਅਖੰਡ ਪ੍ਰਕਾਸ਼ ਸੰਪਰਦਾਇ ਭਿੰਡਰਾਂ ਦੀ ਗੱਦੀ ਅਤੇ ਪ੍ਰਬੰਧਾਂ ਨੂੰ ਹਾਸਲ ਕਰਨ ਨੂੰ ਲੈ ਕੇ ਚੱਲ ਰਿਹਾ ਵਿਵਾਦ ਹਿੰਸਕ ਰੂਪ ਧਾਰਨ ਕਰਦਾ ਜਾ ਰਿਹਾ ਹੈ। ਲੰਘੀ ਦੇਰ ਰਾਤ ਟਕਸਾਲ ਦਾ ਇੱਕ ਧੜਾ ਕਬਜ਼ਾ ਲੈਣ ਖਾਤਰ ਗੁਰਦੁਆਰੇ ਦੀ ਹਦੂਦ ਅੰਦਰ ਦਾਖਲ ਹੋ ਗਿਆ। ਰਾਤ ਨੂੰ ਗੁਰਦੁਆਰਾ ਸਾਹਿਬ ਦੀ ਪਹਿਰੇਦਾਰੀ 'ਤੇ ਤਾਇਨਾਤ ਸੇਵਾਦਾਰਾਂ ਨੇ ਜਦੋਂ ਇਸ ਦਾ ਵਿਰੋਧ ਕੀਤਾ ਤਾਂ ਉਨ੍ਹਾਂ ਨਾਲ ਕੁੱਟਮਾਰ ਕੀਤੀ ਗਈ। ਇਸ ਮੌਕੇ ਹਵਾਈ ਫਾਈਰਿੰਗ ਵੀ ਹੋਈ ਦੱਸੀ ਜਾਂਦੀ ਹੈ। ਜਦੋਂ ਇਸ ਦਾ ਪਤਾ ਪਿੰਡ ਵਾਸੀਆਂ ਨੂੰ ਲੱਗਾ ਤਾਂ ਉਹ ਰਾਤ ਨੂੰ ਹੀ ਵੱਡੀ ਗਿਣਤੀ ਵਿੱਚ ਗੁਰਦੁਆਰਾ ਸਾਹਿਬ ਆ ਪੁੱਜੇ ਜਿਸ ਦੇ ਚਲਦਿਆਂ ਕਬਜ਼ਾ ਕਰਨ ਲਈ ਆਏ ਲੋਕ ਉੱਥੋਂ ਚਲੇ ਗਏ। ਇਸ ਕਾਰਨ ਜਾਨੀ ਨੁਕਸਾਨ ਤੋਂ ਬਚਾਅ ਹੋ ਗਿਆ। ਕੁੱਟਮਾਰ ਦਾ ਸ਼ਿਕਾਰ ਹੋਏ ਲਗਪਗ ਅੱਧੀ ਦਰਜਨ ਸੇਵਾਦਾਰਾਂ ਨੂੰ ਇਲਾਜ ਲਈ ਸਿਵਲ ਹਸਪਤਾਲ ਮੋਗਾ ਭਰਤੀ ਕਰਵਾਇਆ ਗਿਆ ਹੈ। ਪ੍ਰਸ਼ਾਸਨ ਨੇ ਕਿਸੇ ਅਣਸੁਖਾਵੀਂ ਘਟਨਾ ਨੂੰ ਦੇਖਦੇ ਹੋਏ ਗੁਰਦੁਆਰਾ ਸਾਹਿਬ ਦੇ ਬਾਹਰ ਵੱਡੀ ਗਿਣਤੀ ਵਿੱਚ ਪੁਲੀਸ ਤਾਇਨਾਤ ਕਰ ਦਿੱਤੀ ਹੈ। ਚਾਰ ਸਾਲ ਪਹਿਲਾਂ ਸੰਪਰਦਾਇ ਭਿੰਡਰਾਂ ਦੇ ਮੁਖੀ ਗਿਆਨੀ ਮੋਹਨ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਗੱਦੀ ਨੂੰ ਲੈ ਕੇ ਵਿਆਦ ਸ਼ੁਰੂ ਹੋ ਗਿਆ ਸੀ। ਮਹੰਤ ਕਪੂਰ ਸਿੰਘ ਜਿਨ੍ਹਾਂ ਨੂੰ ਪਿੰਡ ਵਲੋਂ ਦਸਤਾਰ ਦਿੱਤੀ ਗਈ ਸੀ ਇਸ ਲਈ ਉਹ ਗੁਰਦੁਆਰਾ ਸਾਹਿਬ ਉੱਤੇ ਆਪਣਾ ਅਧਿਕਾਰ ਸਮਝਦੇ ਹਨ। ਉਂਝ ਮਹੰਤ ਕਪੂਰ ਸਿੰਘ ਗਿਆਨੀ ਗੁਰਬਚਨ ਸਿੰਘ ਦੇ ਅਸਥਾਨ ਟਕਸਾਲ ਬੋਪਾਰਾਏ ਵਿਖੇ ਲੰਬੇ ਸਮੇਂ ਤੋਂ ਰਹਿ ਰਹੇ ਹਨ ਅਤੇ ਉੱਥੇ ਪ੍ਰਬੰਧ ਦੇਖਦੇ ਹਨ। ਦੱਸਿਆ ਜਾਂਦਾ ਹੈ ਕਿ ਮਹੰਤ ਕਪੂਰ ਸਿੰਘ ਦੀ ਇੱਥੇ ਹਾਜ਼ਰੀ ਵੀ ਨਾਂਹ ਦੇ ਬਰਾਬਰ ਹੈ। ਦੂਸਰੇ ਪਾਸੇ ਗਿਆਨੀ ਮੋਹਨ ਸਿੰਘ ਵਲੋਂ ਸਾਲ 1999 ਵਿੱਚ ਇਕ ਲਿਖਤੀ ਡੀਡੀ ਵਿਚ ਪੰਚ ਪ੍ਰਧਾਨੀ ਖਾਲਸਾ ਸੇਵਕ ਜਥਾ ਕਾਇਮ ਕਰਕੇ ਆਪਣੇ ਤੋਂ ਬਾਅਦ ਗੁਰਦੁਆਰਾ ਸਾਹਿਬ ਦੀ ਦੇਖਰੇਖ ਲਈ ਅਧਿਕਾਰਤ ਕੀਤਾ ਹੋਇਆ ਹੈ। ਲੰਬੇ ਸਮੇਂ ਤੋਂ ਪੰਚ ਪ੍ਰਧਾਨੀ ਜਥਾ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਚਲਾ ਰਿਹਾ ਹੈ। ਇਸੇ ਸਾਲ ਹੀ 7 ਜਨਵਰੀ ਨੂੰ ਵੀ ਦੋਹਾਂ ਧਿਰਾਂ ਵਿਚਾਲੇ ਵਿਵਾਦ ਖੜ੍ਹਾ ਹੋਇਆ ਸੀ।



# ਸ ਕਰਨੈਲ ਸਿੰਘ ਪੰਜੋਲੀ ਦੇ ਨਾਮ ਖੁੱਲਾ ਖੱਤ

**ਵੱਲੋਂ : ਗੁਰਦੀਪ ਸਿੰਘ ਕੰਗ**
**ਮੈਨੇਜਰ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ।।**
**ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ ਜੀ**

ਤੁਹਾਡੇ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਸਾਹਿਬਾਨ ਦੇ ਬੱਚੇ ਦੇ ਅਨੰਦ ਕਾਰਜ ਸਮਾਗਮ ਵਿੱਚ ਸ਼ਾਮਿਲ ਹੋਣ ਸਮੇਂ , ਉਹਨਾਂ ਨੂੰ ਅਸ਼ੀਰਵਾਦ ਦੇਣ ਤੋਂ ਬਾਅਦ ਸ਼ੋਸ਼ਲ ਮੀਡੀਆ ਤੇ ਉਹਨਾਂ ਦੀ ਨਿੰਦਿਆ ਦਾ ਪ੍ਰਸਤਾਵ ਰੱਖਿਆ ਗਿਆ ਹੈ। ਉਹਨਾਂ ਦੇ ਦਿਲ ਵਿੱਚ ਤੁਹਾਡੇ ਪ੍ਰਤੀ ਅੰਤਾਂ ਦਾ ਸਤਿਕਾਰ ਹੋਵੇਗਾ ਕਿ ਉਨਾਂ ਨੇ ਤੁਹਾਨੂੰ ਇਸ ਸਮਾਗਮ ਲਈ ਸੱਦਾ ਪੱਤਰ ਦੇਣ ਸਮੇਂ ਸੋਚਿਆ ਵੀ ਨਹੀਂ ਹੋਣਾ ਕਿ ਇਹ ਸੱਦਾ ਪੱਤਰ ਉਹਨਾਂ ਦੀ ਨਿੰਦਿਆ ਦਾ ਕਾਰਨ ਵੀ ਬਣੇਗਾ। ਤੁਸੀਂ ਜਿਆਦਾ ਜ਼ੋਰ ਬੱਚਿਆਂ ਦੇ ਅੰਮ੍ਰਿਤ ਛਕਣ ਤੇ ਦਿੱਤਾ ਹੈ। ਅੰਮ੍ਰਿਤ ਛਕਣਾ, ਗੁਰੂ ਦੇ ਲੜ ਲੱਗਣਾ, ਬਹੁਤ ਚੰਗੀ ਗੱਲ ਹੈ । ਭਾਗਾਂ ਭਰੀ ਗੱਲ ਹੈ। ਪਰ ਕਿਸੇ ਦਾ ਅੰਮ੍ਰਿਤ ਨਾ ਛਕਿਆ ਹੋਣਾ ਵੀ ਕੋਈ ਜ਼ੁਲਮ ਜਾਂ ਪਾਪ ਨਹੀਂ। ਤੁਸੀਂ ਸ਼੍ਰੋਮਣੀ ਕਮੇਟੀ ਦੇ ਕਿਸੇ ਵੀ ਮੁਲਾਜ਼ਮ, ਸਕੱਤਰ , ਪ੍ਰਧਾਨ , ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ, ਖਿਲਾਫ਼ ਇਹੋ ਜਿਹੇ ਟਿੱਪਣੀਆਂ ਸੋਸ਼ਲ ਮੀਡੀਆ ਤੇ ਪਹਿਲਾਂ ਵੀ ਕਰ ਚੁੱਕੇ ਹੋ। ਜਦੋਂ ਪਰਿਵਾਰ ਅਜੇ ਵਿਆਹ ਸਮਾਗਮ ਦੀਆਂ ਖੁਸ਼ੀਆਂ ਮਨਾ ਰਿਹਾ ਹੋਵੇਗਾ, ਵਿਆਹ ਨਾਲ ਸੰਬੰਧਿਤ ਕੁਝ ਕੰਮਕਾਜ ਵੀ ਨਿਪਟਾਏ ਜਾ ਰਹੇ ਹੋਣਗੇ, ਤੁਸੀਂ ਕੁਝ ਘੰਟਿਆਂ ਵਿੱਚ ਹੀ ਉਸ ਪਰਿਵਾਰ ਦੀ ਨਿੰਦਿਆ ਦਾ ਪ੍ਰਸਤਾਵ ਸੋਸ਼ਲ ਮੀਡੀਆ ਤੇ ਲੈ ਆਂਦਾ। ਤੁਸੀਂ ਆਪਣੇ ਚਾਹੁਣ ਵਾਲਿਆਂ ਤੋਂ ਘੜੀ ਦੀ ਘੜੀ ਇਹ ਗੱਲ ਤਾਂ ਅਖਵਾ ਲਈ ਹੀ ਹੋਵੇਗੀ ਕਿ ਨੇਤਾ ਜੀ ਕਿੰਨੀ ਜੁੱਰਤ ਰੱਖਦੇ ਹਨ, ਸ਼੍ਰੋਮਣੀ ਕਮੇਟੀ ਅਤੇ ਇਸ ਦੇ ਮੁਲਾਜ਼ਮਾਂ ਨੂੰ ਭੰਡਣ ਵਾਲਿਆਂ ਨੂੰ ਵੀ ਬੋਲਣ ਦਾ ਮੌਕਾ ਦੇ ਦਿੱਤਾ ਹੈ । ਇਹੋ ਜਿਹੇ ਮੌਕੇ ਤੁਸੀਂ ਅਕਸਰ ਦਿੰਦੇ ਰਹਿੰਦੇ ਹੋ , ਕਈ ਵਾਰੀ ਮੈਂ ਸੋਚਦਾ ਹਾਂ ਕਿ ਮੈਂ ਅੰਮ੍ਰਿਤ ਛਕਿਆ ਹੈ ਬੀਬਾ ਦਾੜ੍ਹਾ ਹੈ, ਉੱਪਰ ਦੀ ਕਿਰਪਾਨ ਵੀ ਪਾਈ ਹੈ, ਨਿਤਨੇਮ ਵੀ ਕਰਦਾ ਹਾਂ, ਪਰ ਫਿਰ ਮੈਂ ਸਾਰਾ ਦਿਨ ਗੁਰੂ ਦੀ ਗੋਲਕ ਲੁੱਟਦਾ ਹਾਂ, ਠੱਗੀਆਂ ਮਾਰਦਾ ਹਾਂ ਕਿਸੇ ਦਾ ਭਲਾ ਨਹੀਂ ਕਰਦਾ, ਹਰ ਵੇਲੇ ਮਨ ਪਾਪ ਨਾਲ ਭਰਿਆ ਰਹਿੰਦਾ ਹੈ, ਫਿਰ ਮੇਰੇ ਅੰਮ੍ਰਿਤ ਛਕਣ ਦਾ ਕੀ ਫਾਇਦਾ ਹੈ ? ਪਰਮਾਤਮਾ ਤਾਂ ਤੁਹਾਡੀ ਪੂਜਾ ਕਰਨ ਦੀ ਵਿਧੀ ਨਹੀਂ ਦੇਖਦਾ, ਤੁਹਾਡੀ ਭਾਵਨਾ ਦੇਖਦਾ ਹੈ, ਮੇਰੇ ਸਾਹਮਣੇ ਬੈਠਾ ਬੇ ਅੰਮ੍ਰਿਤੀਆ ਬੰਦਾ ਮੇਰੇ ਨਾਲੋਂ ਹਜ਼ਾਰਾਂ ਗੁਣਾ ਚੰਗਾ ਹੈ। ਜੋ ਆਪਣੀ ਕਿਰਤ ਕਮਾਈ ਵਿੱਚੋਂ ਗੁਰੂ ਦੀ ਗੋਲਕ ਵਿੱਚ ਇੱਕ ਦਿਨ 10 ਲੱਖ ਰੁਪਆ ਇਕੱਠਾ ਪਾ ਗਿਆ।



ਘੜੂੰਆਂ ਪਿੰਡ ਤੋਂ ਸਾਰਾ ਪਰਿਵਾਰ ਕਲੀਨ ਸ਼ੇਵ ਬੱਚੇ ਵੀ ਕਲੀਨ ਸ਼ੇਵ ਗੁਰਦੁਆਰਾ ਸਾਹਿਬ ਲਈ ਇੰਡੋ ਫਾਰਮ ਟਰੈਕਟਰ ਦਾਨ ਵਿੱਚ ਦੇ ਗਿਆ। ਸਮੁੱਚੇ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਾਂ ਵਿੱਚ ਸਹਿਯੋਗ ਕਰਦੀਆਂ ਸੇਵਾ ਸੋਸਾਇਟੀਆਂ ਦੇ 70% ਮੈਂਬਰ ਅੰਮ੍ਰਿਤਧਾਰੀ ਨਹੀਂ ਹਨ। ਪਰ ਹਾਂ, ਉਹ ਰੋਜ਼ਾਨਾ ਕੀਰਤਨ ਸੁਣਦਿਆਂ, ਕਥਾ ਸੁਣਦਿਆਂ, ਗੁਰੂ ਵੱਲ ਪ੍ਰੇਰਤ ਹੁੰਦੇ ਨਜ਼ਰ ਆ ਰਹੇ ਹਨ । ਕਿਸੇ ਨੂੰ ਗੁਰੂ ਦੇ ਲੜ ਲੱਗਣ ਦੀ ਪ੍ਰੇਰਨਾ ਦੇਣਾ ਬਹੁਤ ਵੱਡਾ ਗੁਣ ਹੈ, ਪਰ ਉਸ ਦੇ ਘਰ ਬੈਠ ਕੇ, ਕੋਈ ਗੁਰਮਤ ਸਮਾਗਮ ਕਰਵਾ ਕੇ, ਨਾ ਕਿ ਉਸ ਦੇ ਬੱਚਿਆਂ ਨੂੰ ਸੋਸ਼ਲ ਮੀਡੀਆ ਤੇ ਭੰਡ ਕੇ ਉਸ ਪਰਿਵਾਰ ਦੀ ਨਿੰਦਿਆ ਕਰਨਾ , ਉਹ ਵੀ ਉਸ ਪਰਿਵਾਰ ਦੀ, ਜਿਸ ਪਰਿਵਾਰ ਨੇ ਤੁਹਾਨੂੰ ਚਾਵਾਂ ਨਾਲ ਬੁਲਾਇਆ ਹੋਵੇ।

ਮੈਂ ਤੁਹਾਡੇ ਸਾਰਿਆਂ ਨਾਲ ਇੱਥੇ ਇੱਕ ਇਸਲਾਮ ਧਰਮ ਦੀ ਕਹਾਣੀ ਸਾਂਝੀ ਕਰਦਾ ਹਾਂ।

ਇੱਕ ਰੂਮੀ ਨਾਮ ਦਾ ਫਕੀਰ ਸੁਬਹਾ ਸਵੇਰੇ, ਹਨੇਰੇ, ਮਸਜਿਦ ਤੇ ਸਿਜਦਾ ਕਰਨ ਜਾਂਦਾ ਹੈ ਤੇ ਨਾਲ ਉਸ ਦਾ ਛੋਟਾ ਬੱਚਾ ਕੁਝ ਦਿਨਾਂ ਤੋਂ ਉਸਦੇ ਨਾਲ ਜਾਂਦਾ ਹੈ ।

ਸਿਜਦਾ ਕਰਕੇ ਵਾਪਸ ਆਉਂਦਿਆਂ ਬੱਚਾ ਆਪਣੇ ਪਾਪਾ ਦੀ ਉਂਗਲ ਫੜ ਕੇ ਪਿੰਡ ਵੱਲ ਇਸ਼ਾਰਾ ਕਰਕੇ ਕਹਿੰਦਾ ਹੈ ਕਿ ਦੇਖੋ ਪਾਪਾ, ਅਸੀਂ ਕਿੰਨੇ ਚੰਗੇ ਹਾਂ, ਸਿਜਦਾ ਕਰਕੇ ਵਾਪਸ ਵੀ ਆ ਗਏ, ਅਜੇ ਤੱਕ ਸਾਰਾ ਪਿੰਡ ਸੁੱਤਾ ਪਿਆ ਹੈ, ਕਿੰਨੇ ਪਾਪੀ ਲੋਕ ਹਨ, ਜੋ ਅਜੇ ਤੱਕ ਸੁੱਤੇ ਹਨ, ਫਕੀਰ ਡੂੰਘੀ ਚਿੰਤਾ ਵਿੱਚ ਚਲਾ ਜਾਂਦਾ ਹੈ ਕਿ ਅਜੇ ਤਾਂ ਬੱਚੇ ਨੂੰ ਮਸਜਿਦ ਜਾਂਦੇ ਨੂੰ ਹਫਤਾ ਹੀ ਹੋਇਆ ਹੈ, ਇਹ ਨਤੀਜਾ ਨਿਕਲਿਆ ਹੈ ਕਿ ਇਸ ਨੂੰ ਸਾਰਾ ਪਿੰਡ ਪਾਪੀ ਦਿਖਣ ਲੱਗ ਗਿਆ ਪਿਆ ਹੈ , ਬੱਚੇ ਤੇਰੇ ਮਸਜਿਦ ਜਾਣ ਦਾ ਕੀ ਫਾਇਦਾ ਹੈ ? ਜੇ ਇਹ ਸਾਰੇ ਲੋਕ ਤੈਨੂੰ ਪਾਪੀ ਨਜ਼ਰ ਆਉਂਦੇ ਹਨ । ਜੇ ਅੰਮ੍ਰਿਤ ਛਕੇ ਹੋਏ ਬੰਦੇ ਨੂੰ ਬੇਅਮਰਤੀਏ ਪਾਪੀ ਦਿਖਣ ਤਾਂ ਫਿਰ ਉਸਦੇ ਅੰਮ੍ਰਿਤ ਛਕਣ ਦਾ ਵੀ ਕੀ ਫਾਇਦਾ ਹੈ ? ਤੁਸੀਂ ਇੱਕ ਤਰਕ ਦੇ ਸਕਦੇ ਹੋ ਕਿ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਅਤੇ ਇਸ ਦੇ ਮੈਂਬਰਾਂ ਦੇ ਬੱਚੇ ਅੰਮ੍ਰਿਤਧਾਰੀ ਹੋਣੇ ਚਾਹੀਦੇ ਹਨ ,ਇਹ ਠੀਕ ਹੈ। ਪਰ ਉਹਨਾਂ ਦੇ ਅੰਮ੍ਰਿਤ ਨਾ ਛਕਣ ਨੂੰ ਸ਼ੋਸ਼ਲ ਮੀਡੀਆ ਤੇ ਭੰਡਣਾ ਬੁਰੀ ਗੱਲ ਹੈ । ਜਦੋਂ ਵੀ ਪੰਜ ਪਿਆਰੇ ਸਾਹਿਬਾਨ ਕਿਤੇ ਅੰਮ੍ਰਿਤਪਾਨ ਕਰਵਾਉਂਦੇ ਹਨ, ਤਾਂ ਉਹ ਅੰਮ੍ਰਿਤਪਾਨ ਕਰਵਾਉਣ ਤੋਂ ਬਾਅਦ ਗੁਰੂ ਦੇ ਲੜ ਲੱਗਣ ਵਾਲਿਆਂ ਨੂੰ ਵਧਾਈ ਤਾਂ ਦਿੰਦੇ ਹਨ, ਪਰ ਅੰਮ੍ਰਿਤ ਨਾ ਛਕਣ ਵਾਲਿਆਂ ਨੂੰ ਇਹ ਨਹੀਂ ਕਹਿੰਦੇ ਕਿ ਭਾਈ ਜਿਹੜੇ ਪਾਪੀ ਰਹਿ ਗਏ ਹਨ, ਉਹ ਅੰਮ੍ਰਿਤ ਜਲਦੀ ਛਕ ਲੈਣ । ਨੇਤਾ ਜੀ ਤੁਸੀਂ ਕਿਸੇ ਵੱਡੇ ਅਕਾਲੀ ਲੀਡਰ ਨੂੰ ਭਰੀ ਪ੍ਰੈਸ ਦੇ ਸਾਹਮਣੇ ਗਾਲ ਕੱਢ ਦਿੱਤੀ ਸੀ, ਲੋਕਾਂ ਨੇ ਬੁਰਾ ਮਨਾਇਆ ਸੀ, ਤੁਹਾਡਾ ਵੱਡਾਪਣ ਸੀ ਕਿ ਤੁਸੀਂ ਮਾਫੀ ਮੰਗ ਲਈ ਸੀ ,ਉਹਨਾਂ ਦਾ ਵੱਡਾਪਣ ਸੀ ਕਿ ਉਹਨਾਂ ਨੇ ਮਾਫ ਕਰ ਦਿੱਤਾ ਸੀ ,ਪਰ ਅੰਮ੍ਰਿਤਧਾਰੀ ਬੰਦੇ ਕੋਲੋਂ ਇਸ ਤਰ੍ਹਾਂ ਦੀ ਗਾਲ ਸ਼ੋਭਾ ਨਹੀਂ ਸੀ ਦਿੰਦੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਹੁਤੇ ਮੁਲਾਜ਼ਮ ਸਿੱਖ ਸੰਘਰਸ਼ ਦੇ ਸਮੇਂ ਸ਼ਹੀਦ ਹੋਏ ਪਰਿਵਾਰਾਂ ਵਿੱਚੋਂ ਹਨ । ਆਪਣੇ ਦਸਾਂ ਨੌਹਾਂ ਦੀ ਕਿਰਤ ਕਰਦਿਆਂ, ਘੱਟ ਤਨਖਾਹ ਤੇ ਆਪਣੇ ਪਰਿਵਾਰ ਨੂੰ ਪਾਲਦਿਆਂ, ਗੁਰੂ ਦੇ ਭਾਣੇ ਵਿੱਚ ਰਹਿੰਦੇ ਹਨ। ਤੁਹਾਡਾ ਇਹ ਇਤਿਹਾਸ ਰਿਹਾ ਹੈ ਕਿ ਤੁਸੀਂ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਵਿੱਚ ਸੱਤਾ ਦਾ ਸੁੱਖ ਮਾਣਦਿਆਂ, ਮੁਲਾਜ਼ਮਾਂ ਲਈ ਢਾਲ ਬਣਦੇ ਰਹੇ ਹੋ। ਪਰ ਹੁਣ ਉਹੀ ਮੁਲਾਜ਼ਮ ਹਨ, ਜਿਨਾਂ ਦੀ ਇੱਕ ਗਲਤੀ ਫੜ ਕੇ ਤੁਸੀਂ ਉਹਨਾਂ ਨੂੰ ਨਿੰਦਣ ਦਾ ਕੋਈ ਵੀ ਮੌਕਾ ਖੁੰਝਣ ਨਹੀਂ ਦਿੰਦੇ । ਕਦੇ ਬੈਠ ਕੇ ਵਿਚਾਰਿਓ ਕਿ ਇਹਨਾਂ ਮੁਲਾਜ਼ਮਾਂ ਦਾ ਕੋਈ ਸੰਡੇ ਮੰਡੇ ਨਹੀਂ ਹੁੰਦਾ। ਇਹ 24 ਘੰਟੇ ਜਾਗਦੇ ਹਨ। ਮੈਨੂੰ ਪੂਰੀ ਉਮੀਦ ਹੈ ਕਿ ਤੁਸੀਂ ਆਪਣੀ ਦਰਿਆ ਦਿਲੀ ਦਿਖਾਉਂਦਿਆਂ, ਆਪਣੀ ਸੋਚ ਸਾਡੇ ਪ੍ਰਤੀ ਸਾਡੇ ਬੱਚਿਆਂ ਪ੍ਰਤੀ , ਜਰੂਰ ਬਦਲੋਗੇ ਕਿਉਂਕਿ ਸ਼੍ਰੋਮਣੀ ਕਮੇਟੀ ਦਾ ਹਰ ਮੁਲਾਜ਼ਮ ਬਹੁਤ ਇਮਾਨਦਾਰੀ ਅਤੇ ਨੇਕ ਨੀਅਤ ਨਾਲ ਆਪਣਾ ਇੱਕ ਇੱਕ ਮਿੰਟ ਗੁਰੂ ਦੇ ਲੇਖੇ ਲਾਉਂਦਾ ਹੈ। ਪਰ ਫਿਰ ਮੈਂ ਕਈ ਵਾਰੀ ਸੋਚਦਾ ਹਾਂ ਕਿ ਕਹਿਣ ਵਾਲੇ ਦਾ ਕੀ ਜਾਂਦਾ ਹੈ ? ਕਮਾਲ ਤਾਂ ਸਹਿਣ ਕਰਨ ਵਾਲੇ ਕਰ ਜਾਂਦੇ ਹਨ।

**ਵੱਲੋਂ : ਗੁਰਦੀਪ ਸਿੰਘ ਕੰਗ**
**ਮੈਨੇਜਰ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ।**

# ਸਮਾਰਟ ਸਕੂਲ ਨਸਰਾਲਾ ਦਾ ਸਲਾਨਾ ਸਮਾਰੋਹ ਆਪਣੀਆਂ ਅਮਿੱਟ ਯਾਦਾਂ ਛੱਡਦਾ ਹੋਇਆ ਸਮਾਪਤ

**ਹੁਸ਼ਿਆਰਪੁਰ, 31 ਮਾਰਚ (ਆਵਾਜ਼ਿ ਕੌਮ ਬਿਊਰੋ)**-ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਨਸਰਾਲਾ ਬਲਾਕ ਹੁਸ਼ਿਆਰਪੁਰ 2ਏ ਦਾ ਸਲਾਨਾ ਸਮਾਰੋਹ ਆਪਣੀਆਂ ਅਮਿੱਟ ਯਾਦਾਂ ਛੱਡਦਾ ਹੋਇਆ ਸਮਾਪਤ ਗਿਆ। ਸਕੂਲ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਮਿਹਨਤ ਸਦਕਾ ਸਮਾਰੋਹ ਵਿੱਚ ਕਰਵਾਈਆਂ ਵੰਨਗੀਆਂ ਦਰਸ਼ਕਾਂ ਦਾ ਮਨ ਮੋਹ ਗਈਆਂ। ਜਿਸ ਵਿੱਚ ਮਾਂ ਬੋਲੀ ਪੰਜਾਬੀ ਨੂੰ ਬਚਾਉਣ ਦੀ ਕੋਰੀਓਗ੍ਰਾਫੀ, ਵਿਦਿਆਰਥੀਆਂ ਵੱਲੋਂ ਸ਼੍ਰੀ ਰਮਾਇਣ ਤੇ ਪੇਸ਼ ਕੀਤੀ ਵੰਨਗੀ, ਬੇਟੀ ਬਚਾਓ-ਬੇਟੀ ਪੜ੍ਹਾਓ ਤੇ ਤਿਆਰ ਕੀਤਾ ਮਾਇਮ ਨਾ ਬੋਲਦੇ ਹੋਏ ਹਜ਼ਾਰਾਂ ਸੰਦੇਸ਼ ਦੇ ਗਿਆ, ਇਸ ਦੇ ਨਾਲ਼ ਹੀ ਵਿਦਿਆਰਥੀਆਂ ਵੱਲੋਂ ਨਸ਼ੇ ਦੇ ਖਿਲਾਫ਼ ਪੇਸ਼ ਕੀਤਾ ਨੁੱਕੜ-ਨਾਟਕ ਕਾਬਿਲ-ਏ-ਤਰੀਫ਼ ਸੀ। ਸਮਾਰੋਹ ਵਿੱਚ ਪੰਜਾਬ ਦਾ ਲੋਕ ਪ੍ਰਸਿੱਧ ਨਾਚ ਭੰਗੜਾ ਅਤੇ ਗਿੱਧਾ ਸਭ ਨੂੰ ਆਕਰਸ਼ਿਤ ਕਰ ਗਿਆ। ਇਸ ਸਮਾਰੋਹ ਵਿੱਚ ਪਿੰਡ ਨਸਰਾਲਾ ਦੇ ਸਰਪੰਚ ਡਾ. ਜਰਨੈਲ ਸਿੰਘ ਨੇ ਮੁੱਖ -ਮਹਿਮਾਨ ਵੱਜੋਂ ਸ਼ਿਰਕਤ ਕੀਤੀ। ਇਸ ਮੌਕੇ ਸਕੂਲ ਦੇ ਮੁੱਖੀ ਮੈਡਮ ਜੋਤੀ ਸੈਣੀ ਨੇ ਸਕੂਲ ਦੀ ਸਲਾਨਾ ਕਾਰਗੁਜ਼ਾਰੀ ਰਿਪੋਰਟ ਪੇਸ਼ ਕੀਤੀ। ਸਮਾਰੋਹ ਦੇ ਅੰਤ ਵਿੱਚ ਪ੍ਰੀ -ਪ੍ਰਾਇਮਰੀ ਵਿਦਿਆਰਥੀਆਂ ਦੀ ਗ੍ਰੇਜੂਏਸ਼ਨ ਸੇਰੇਮਨੀ ਮਨਾਈ ਗਈ ਅਤੇ ਸਕੂਲ ਦੇ ਵਿਦਿਆਰਥੀਆਂ ਦਾ ਸਲਾਨਾ ਨਤੀਜਾ ਵੀ ਘੋਸ਼ਿਤ ਕੀਤਾ ਗਿਆ ਅਤੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਸਮਾਰੋਹ ਵਿੱਚ ਸਟੇਜ ਸਕੱਤਰ ਦੀ ਭੂਮਿਕਾ ਅਧਿਆਪਕ ਵਿਕਾਸ ਸ਼ਰਮਾ ਵੱਲੋਂ ਨਿਭਾਈ ਗਈ। ਇਸ ਮੌਕੇ ਮੈਡਮ ਜੋਤੀ ਸੈਣੀ, ਅਨੁਰਾਧਾ, ਗੁਰਜੀਤ ਕੌਰ, ਮੀਨਾ ਕੁਮਾਰੀ, ਰਚਨਾ ਦੇਵੀ, ਸੰਜਨਾ ਦੇਵੀ ਸਹਿਤ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਦੇ ਮਾਤਾ-ਪਿਤਾ ਹਾਜ਼ਰ ਸਨ।

ਹਲਕਾ ਭਗਤਾ ਭਾਈਕਾ (ਬਠਿੰਡਾ) ਵਿਖੇ

# ਪੰਥਕ ਅਕਾਲੀ ਲਹਿਰ ਦੇ ਸਮਰਥਨ ਵਿੱਚ ਭਰਵਾਂ ਇਕੱਠ







**ਬਠਿੰਡਾ, 31 ਮਾਰਚ (ਆਵਾਜ਼ਿ ਕੌਮ ਬਿਊਰੋ)**-ਪ੍ਰਬੰਧਕ ਕਮੇਟੀ ਦੀਆਂ ਚੋਣਾਂ ਸਬੰਧੀ ਵਿਚਾਰਾਂ ਕਰਨ ਲਈ ਹਲਕਾ ਭਗਤਾ ਭਾਈਕਾ (ਬਠਿੰਡਾ) ਵਿਖੇ ਭਾਈ ਪਰਗਟ ਸਿੰਘ ਭੋਂਡੀਪੁਰ ਅਤੇ ਇਲਾਕਾ ਦੀਆਂ ਸਮੂਹ ਸੰਗਤਾਂ ਦੇ ਉੱਦਮ ਉਪਰਾਲੇ ਨਾਲ ਪੰਥਕ ਅਕਾਲੀ ਲਹਿਰ ਦੇ ਸਮਰਥਨ ਵਿੱਚ ਗੁਰਦੁਆਰਾ ਸਾਹਿਬ ਵਿਖੇ ਭਰਵਾਂ ਇਕੱਠ ਕੀਤਾ ਗਿਆ। ਇਸ ਮੌਕੇ ਸ਼੍ਰੀ ਅਕਾਲ ਤਖਤ ਸਾਹਿਬ ਜੀ ਦੇ ਸਾਬਕਾ ਜਥੇਦਾਰ ਅਤੇ ਪੰਥਕ ਅਕਾਲੀ ਲਹਿਰ ਦੇ ਮੁੱਖ ਸੇਵਾਦਾਰ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਨੇ ਸਿੱਖ ਸੰਗਤਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਅੱਜ ਸਾਡੀਆਂ ਅੱਖਾਂ ਸਾਹਮਣੇ ਦਸ਼ਮ ਪਾਤਸ਼ਾਹ ਦੇ ਸਰੀਰ ਦੀ ਬੇਅਦਬੀ ਹੋ ਰਹੀ ਹੈ,ਦਸ਼ਮ ਪਾਤਸ਼ਾਹ ਨੇ ਪੰਜਾਂ ਪਿਆਰਿਆਂ ਨੂੰ ਆਪਣਾ ਸਰੀਰ ਦੱਸਿਆ ਸੀ,ਅਸੀਂ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਦੀ ਦਾਤ ਲੈਂਦੇ ਹਾਂ ਪਰ ਅੱਜ ਦੇ ਨਿਗੁਰੇ ਤੇ ਲੁਟੇਰੇ ਲੋਕ ਗੁਰੂ ਸਾਹਿਬ ਦੇ ਸਰੀਰ ਨੂੰ ਆਪਣਾ ਨੌਕਰ ਬਣਾਈ ਬੈਠੇ ਹਨ। ਵਾਰ ਵਾਰ ਪੰਥ ਅਤੇ ਗ੍ਰੰਥ ਦੇ ਸਿਧਾਂਤ ਦੀ ਬੇਅਦਬੀ ਕਰ ਰਹੇ ਹਨ ਅਤੇ ਉਲਟਾ ਇਸ ਨੂੰ ਠੀਕ ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਅਸੀਂ ਇਹਨਾਂ ਨੂੰ ਕੱਢ ਸਕਦੇ ਹਾਂ ਇਹ ਸਾਡੇ ਮੁਲਾਜ਼ਮ ਹਨ। ਇਹ ਗੱਲਾਂ ਜਿਵੇਂ ਅਸੀਂ ਬਰਦਾਸ਼ਤ ਕਰ ਰਹੇ ਹਾਂ ਇਹ ਸਾਡੇ ਲਈ ਠੀਕ ਨਹੀਂ ਹਨ, ਇਹਨਾਂ ਦਾ ਵਿਰੋਧ ਕਰਨਾ ਜਰੂਰੀ ਹੈ ਜੋ ਕਿ ਨਹੀਂ ਹੋ ਰਿਹਾ। ਇਸ ਦਾ ਇੱਕੋ ਇੱਕ ਇਲਾਜ ਹੈ ਕਿ ਇਹਨਾਂ ਨੂੰ ਪ੍ਰਬੰਧਕ ਕਮੇਟੀ ਚੋਂ ਬਾਹਰ ਕੱਢ ਕੇ ਤਬਦੀਲੀ ਲਿਆਈਏ,ਗੁਰੂ ਘਰ ਦੀ ਮਰਿਆਦਾ ਨੂੰ ਸਥਾਪਿਤ ਕਰੀਏ,ਅਕਾਲ ਤਖਤ ਸਾਹਿਬ ਦਾ ਸ਼ਾਨਾਮਤਾ ਇਤਿਹਾਸ ਪ੍ਰਗਟ ਹੋਵੇ,ਦਸਮ ਪਾਤਸ਼ਾਹ ਜੀ ਦੀ ਤਪ ਤੇਜ ਵਾਲੀ ਪੰਜ ਪ੍ਰਧਾਨੀ ਦੀ ਮਰਿਆਦਾ ਅਕਾਲ ਤਖਤ ਸਾਹਿਬ ਵਿਖੇ ਲਾਗੂ ਹੋਵੇ ਅਤੇ ਦੁਨੀਆਂ ਦੇਖੇ। ਇਸ ਲਈ ਪਾਰਟੀ ਬਾਜੀ ਤੋਂ ਉੱਪਰ ਉੱਠ ਕੇ ਪੰਥਕ ਅਕਾਲੀ ਲਹਿਰ ਨੂੰ ਸਹਿਯੋਗ ਦੇਣ ਦੀ ਸਿੰਘ ਸਾਹਿਬ ਨੇ ਅਪੀਲ ਕੀਤੀ। ਗੁਰੂ ਘਰਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਰਾਜਨੀਤੀ ਨਾ ਕਰਾਂਗੇ ਅਤੇ ਨਾ ਹੀ ਕਰਨ ਦਵਾਂਗੇ,ਬਿਨਾਂ ਭੇਦ ਭਾਵ ਤੋਂ ਗੁਰੂ ਘਰ ਵਿੱਚ ਹਰੇਕ ਦਾ ਸਨਮਾਨ ਬਹਾਲ ਕੀਤਾ ਜਾਵੇਗਾ, ਲੋੜਵੰਦਾਂ ਨੂੰ ਸਿਹਤ-ਸਿੱਖਿਆ ਅਤੇ ਯਾਤਰੂਆਂ ਨੂੰ ਬਣਦੀ ਸਹੂਲਤ ਦਿੱਤੀ ਜਾਵੇਗੀ। ਗੁਰੂ ਘਰਾਂ ਦੀਆਂ ਜਾਇਦਾਦਾਂ,ਸਿਧਾਂਤ ਅਤੇ ਦਸਮੇਸ਼ ਪਾਤਸ਼ਾਹ ਜੀ ਦੀ ਪਵਿੱਤਰ ਅਜਮਤ ਦਾ ਝੰਡਾ ਬੁਲੰਦ ਹੋਵੇ ਇਹ ਯਕੀਨੀ ਬਣਾਉਣ ਦਾ ਵਾਅਦਾ ਕੀਤਾ।

ਇਸ ਸਮੇਂ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਬਿੰਦਰ ਸਿੰਘ ਭਗਤਾ,ਢਾਡੀ ਬਲਵਿੰਦਰ ਸਿੰਘ ਭਗਤਾ, ਸਰਪੰਚ ਦਰਸ਼ਨ ਸਿੰਘ, ਸਰਪੰਚ ਰਾਜਿੰਦਰ ਸਿੰਘ, ਸਰਪੰਚ ਸ਼ਿੰਦਰ ਸਿੰਘ ਭੋਡੀਪੁਰਾ ਸਰਪੰਚ ਗੁਰਸੇਵਕ ਸਿੰਘ ਭੋਡੀਪੁਰਾ ਸਰਪੰਚ ਹਰਪ੍ਰੀਤ ਸਿੰਘ ਭੋਡੀਪੁਰਾ ਸਰਪੰਚ ਹਰਪ੍ਰੀਤ ਸਿੰਘ ਕੇਸਰ ਸਿੰਘ ਵਾਲਾ ਸਰਪੰਚ ਸ਼ਿਵਜੀ ਕੁਮਾਰ ਕੇਸਰ ਸਿੰਘ ਵਾਲਾ ਸਰਪੰਚ ਗੁਰਾਂ ਦਿੱਤਾ ਸਿੰਘ ਅਮਰਗੜ੍ਹ ਸਰਪੰਚ ਪਾਲਾ ਸਿੰਘ ਕੋਠਾ ਗੁਰੂ, ਸਰਪੰਚ ਹਰਦਿਆਲ ਸਿੰਘ ਹਮੀਰਗੜ੍ਹ ਜਰਨੈਲ ਸਿੰਘ ਹਮੀਰਗੜ੍ਹ ਗੁਰਮੀਤ ਸਿੰਘ ਪੂਲਾ ਗੁਰਤੇਜ ਸਿੰਘ ਫੌਜੀ ਜੀਦਾ ਬਚਿੱਤਰ ਸਿੰਘ ਕੇਸਰ ਸਿੰਘ ਵਾਲਾ ਸਰਪੰਚ ਜਸਵਿੰਦਰ ਸਿੰਘ ਰਾਮੂਵਾਲਾ ਅਮੋਲਕ ਸਿੰਘ ਹਾਕਮ ਸਿੰਘ ਵਾਲਾ ਪੰਚ ਰਾਜਾ ਸਿੰਘ ਅਕਲੀਆਂ ਬਲਵਿੰਦਰ ਸਿੰਘ ਭੋਡੀਪੁਰਾ ਸੁਖਵਿੰਦਰ ਸਿੰਘ ਭੋਡੀਪੁਰਾ ਸਰਪੰਚ ਅਜੀਤ ਸਿੰਘ ਨਿਓਰ ਜਥੇਦਾਰ ਭੋਲਾ ਸਿੰਘ ਖੇਮੂਵਾਣਾ, ਜਥੇਦਾਰ ਇਕਬਾਲ ਸਿੰਘ ਗੁੰਮਦੀ ਕਲਾਂ, ਐਕਸੀਅਨ ਰਣਜੀਤ ਸਿੰਘ ਬੁਰਜ ਥਰੋੜ, ਗੁਰਚਰਨ ਸਿੰਘ ਭਗਤਾ, ਗਗਨ ਸਿੰਘ , ਬੂਟਾ ਸਿੰਘ ਖਾਲਸਾ ਭੋਡੀਪੁਰਾ,ਮੈਂਬਰ ਸੁਰਜੀਤ ਸਿੰਘ ਭੋਡੀਪੁਰਾ,ਭਾਈ ਅੰਮ੍ਰਿਤਪਾਲ ਸਿੰਘ ਭੈਣੀ ਸਵਰਨ ਸਿੰਘ ਪੂਹਲੀ ਜ਼ਿਲ੍ਹਾ ਪ੍ਰਧਾਨ ਕਿਰਤੀ ਕਿਸਾਨ ਯੂਨੀਅਨ ,ਟੇਕ ਸਿੰਘ ਬਠਿੰਡਾ, ਸ਼ਮਸ਼ੇਰ ਸਿੰਘ ਖਾਲਸਾ,ਸਿਕੰਦਰ ਸਿੰਘ ਗਿੱਲ,ਸੂਬਾ ਸਿੰਘ ਭੋਖੜਾ, ਭਾਈ ਪਰਮਜੀਤ ਬੁਰਜ ਲੱਧਾ ਤੋਂ ਇਲਾਵਾ ਸਰਪੰਚ ਦਰਸ਼ਨ ਸਿੰਘ ਗ੍ਰਾਮ ਪੰਚਾਇਤ ਭਾਈਆਣਾ ਅਤੇ ਹਲਕਾ ਭਗਤਾ ਦੇ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਦੇ ਮੁੱਖ ਸੇਵਾਦਾਰ ਸਾਹਿਬਾਨ ਗ੍ਰਾਮ ਪੰਚਾਇਤਾਂ ਕਿਸਾਨ ਯੂਨੀਅਨ ਸਭਾ ਸੋਸਾਇਟੀਆਂ , ਦਸਤਾਰ ਫੈਡਰੇਸ਼ਨ ਪੰਜਾਬ,ਏਕ ਨੂਰ ਖਾਲਸਾ ਫੌਜ ,ਸਤਿਕਾਰ ਕਮੇਟੀ ਪੰਜਾਬ ਦੇ ਮੈਂਬਰ ਸਾਹਿਬਾਨ ਤੇ ਉਸ ਸਾਰੀ ਸਮੂਹ ਸੰਗਤ ਨੇ ਜੈਕਾਰਿਆਂ ਦੀ ਗੂੰਜ ਵਿੱਚ ਪੰਥਕ ਅਕਾਲੀ ਲਹਿਰ ਨੂੰ ਹਰ ਤਰ੍ਹਾਂ ਨਾਲ ਸਹਿਯੋਗ ਦੇਣ ਦੀ ਦੇਣ ਦਾ ਵਾਅਦਾ ਕੀਤਾ।

ਆਵਾਜ਼ਿ ਕੌਮ AWAZE QAUM International Newspaper & WEB TV

# ਸੀਨੀਅਰ ਸਿਟੀਜਨ ਫੋਰਮ ਫ਼ਿਰੋਜ਼ਪੁਰ ਦੀ ਹੋਈ ਚੋਣ

ਫ਼ਿਰੋਜ਼ਪੁਰ, 31 ਮਾਰਚ (ਮਨੋਹਰ ਲਾਲ) :— ਸੀਨੀਅਰ ਸਿਟੀਜਨ ਫੋਰਮ ਫਿਰੋਜ਼ਪੁਰ ਦੀ ਸਾਲ 2025—2026 ਚੋਣ ਸਬੰਧੀ ਚੋਣ ਅਜਲਾਸ ਬਾਗਬਾਨ ਫਿਰੋਜ਼ਪੁਰ ਸ਼ਹਿਰ ਵਿੱਚ ਸ਼੍ਰੀ ਪ੍ਰਦੀਪ ਧਵਨ ਕਮੇਟੀ ਪਰਧਾਨ ਦੀ ਪ੍ਰਧਾਨਗੀ ਹੇਠ ਹੋਇਆ ਜਿਸ ਭਾਰੀ ਗਿਣਤੀ ਵਿੱਚ ਫੋਰਮ ਦੇ ਆਹੁਦੇਦਾਰ ਅਤੇ ਸਰਗਰਮ ਮੈਂਬਰ ਸ਼ਾਮਿਲ ਹੋਏ। ਇਸ ਮੌਕੇ ਵੱਖ—ਵੱਖ ਬੁਲਾਰਿਆਂ ਨੇ ਫੋਰਮ ਦੀ ਬਿਹਤਰੀ ਵਾਸਤੇ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਇਸ ਮੌਕੇ ਸੀਨੀਅਰ ਸਿਟੀਜਨ ਹੋਮ ਦੋਰਾਹਾ ਤੋਂ ਵਿਸ਼ੇਸ਼ ਤੌਰ ਤੇ ਪਹੁੰਚੇ ਸ਼੍ਰੀ ਰਾਜਿੰਦਰ ਕੁਮਾਰ ਸਹਾਇਕ ਜਨਰਲ ਮਨੇਜਰ ਨੇ ਦੋਰਾਹਾ ਵਿਖੇ ਚੱਲ ਰਹੇ ਬਿਰਧ ਆਸ਼ਰਮ ਵਿੱਚ ਬਜ਼ੁਰਗਾਂ ਦੀ ਕੀਤੀ ਜਾਂਦੀ ਦੇਖਭਾਲ ਅਤੇ ਉਨ੍ਹਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਬਾਰੇ ਵਿਸਥਾਪੂਰਵਕ ਜਾਣਕਾਰੀ ਦਿੱਤੀ। ਕਮੇਟੀ ਪਰਧਾਨ ਵੱਲੋਂ ਵਿਸ਼ਵਾਸ਼ ਦਵਾਇਆ ਕਿ ਜਲਦੀ ਹੀ ਬਿਰਧ ਆਸ਼ਰਮ ਦੋਰਾਹਾ ਵਿਖੇ ਫਿਰੋਜ਼ਪੁਰ ਤੋਂ ਫੋਰਮ ਦੇ ਸਾਥੀ ਪਹੁੰਚਣਗੇ। ਇਸ ਸਮੇਂ ਸ਼੍ਰੀ ਪਰਦੀਪ ਧਵਨ ਕਮੇਟੀ ਪਰਧਾਨ ਵਲੋ ਸਾਲ 2025—26 ਲਈ ਨਵੀਂ ਕਮੈਟੀ ਦੀ ਚੋਣ ਸਬੰਧੀ ਪੇਸ਼ ਕੀਤਾ ਪੈਨਲ ਸਮੂਹ ਹਾਜ਼ਰ ਸਾਥੀਆਂ ਨੇ ਤਾੜੀਆਂ ਨਾਲ ਮੰਜੂਰ ਕੀਤਾ, ਪੈਨਲ ਅਨੁਸਾਰ ਸ਼੍ਰੀ ਪਰਦੀਪ ਧਵਨ ਪਰਧਾਨ, ਸ਼੍ਰੀ ਐਸ.ਪੀ ਖੇੜਾ ਚੇਅਰਮੈਨ, ਪੈਟਰਨ ਸ਼੍ਰੀ ਤਿਲਕ ਰਾਜ ਟੈਰੀ ਸ਼ਾਮ ਲਾਲ ਕਾਕੜ, ਦੇਸ਼ ਤੁੱਲੀ, ਕੁਲਭਸ਼ਾਂ ਗੋਤਮ ਸੀਨੀਅਰ ਮੀਤ ਪ੍ਰਧਾਨ ਸਤੀਸ਼ ਪੁਰੀ ਮੀਤ ਪ੍ਰਧਾਨ ਰਾਕੇਸ਼ ਅਗਰਵਾਲ, ਰਮਨ ਕੁਮਾਰ ਸ਼ਰਮਾ ਸਕੱਤਰ ਮੋਹਿੰਦਰ ਸਿੰਘ ਧਾਲੀਵਾਲ ਜੁਆਇੰਟ ਸਕੱਤਰ ਪ੍ਰਵੀਨ ਤਲਵਾੜ ਮੁੱਖ ਸਲਾਹਕਾਰ ਹਰੀਸ਼ ਮੋਂਗਾ ਪ੍ਰੋਜੈਕਟ ਚੇਅਰਮੈਨ ਪਰਵੀਨ ਧਵਨ, ਚਰਨਜੀਤ ਮਹਾਜਨ, ਸ਼ਾਮ ਲਾਲ ਗੱਖਰ ਕੋਆਰਡੀਨੇਟਰ ਚੇਅਰਮੈਨ ਰਾਕੇਸ਼ ਸ਼ਰਮਾ, ਵਿਨੋਦ ਗੋਇਲ, ਸੁਰਿੰਦਰ ਬੇਰੀ ਕੈਸ਼ੀਅਰ ਗਤਿੰਦਰ ਕਮਲ ਜੁਆਇੰਟ ਕੈਸ਼ੀਅਰ ਅਸ਼ੋਕ ਕੁਮਾਰ ਕਾਰਜਕਾਰਨੀ ਮੈਂਬਰ ਸ਼ਿਵ ਕੁਮਾਰ ਪ੍ਰੋਫੈਸਰ ਜੀ.ਐਸ ਮਿੱਤਲ, ਪਰਵੇਸ਼ ਕੁਮਾਰ ਡੀ.ਆਰ ਗੋਇਲ, ਸੁਰਿੰਦਰ ਸਿੰਘ ਬਲਾਸੀ, ਯੋਗਿੰਦਰ ਨਾਥ ਕਾਕੜ, ਰਾਜਿੰਦਰ ਸ਼ਰਮਾ, ਬਲਦੇਵ ਸਚਦੇਵਾ, ਡਾਕਟਰ ਸੁਰਿੰਦਰ ਕਪੂਰ, ਅਸ਼ੋਕ ਕਾਕੜ, ਅਸ਼ੋਕ ਕਾਪਾਹੀ ਸਰਬ ਸੰਮਤੀ ਨਾਲ ਚੁਣੇ ਗਏ।



ਆਵਾਜ਼ਿ ਕੌਮ AWAZE QAUM International Newspaper & WEB TV

# ਸਰਕਾਰੀ ਹਾਈ ਸਕੂਲ ਪੀਰ ਇਸਮਾਈਲ ਖਾਂ ਨੇ ਮਾਰੀਆਂ ਮੱਲਾਂ, 8 ਵਿਦਿਆਰਥੀਆਂ ਨੇ ਐਨ.ਐਮ.ਐਮ.ਐਸ ਪ੍ਰਤਿਯੋਗਤਾ ਕੀਤੀ ਪਾਸ—ਸੋਨੀਆ ਸਿੱਧੂ




**ਫ਼ਿਰੋਜ਼ਪੁਰ, 31 ਮਾਰਚ (ਮਨੋਹਰ ਲਾਲ) :—** ਸਕੂਲ ਸਿੱਖਿਆ ਵਿਭਾਗ ਵੱਲੋਂ ਨੈਸ਼ਨਲ ਮੀਨਜ਼—ਕਮ—ਮੈਰਿਟ ਸਕਾਲਰਸ਼ਿਪ 2024—25 ਦੀ ਕਰਵਾਈ ਗਈ ਪ੍ਰੀਖਿਆ ਵਿੱਚ ਸਰਕਾਰੀ ਹਾਈ ਸਕੂਲ ਪੀਰ ਇਸਮਾਈਲ ਖਾਂ ਦੇ ਬੱਚਿਆਂ ਦੀ ਕਾਰਗੁਜ਼ਾਰੀ ਬਹੁਤ ਹੀ ਸ਼ਾਨਦਾਰ ਰਹੀ। ਸਕੂਲ ਮੁਖੀ ਸ੍ਰੀਮਤੀ ਸੋਨੀਆ ਸਿੱਧੂ ਨੇ ਕਿਹਾ ਕਿ ਸਕੂਲ ਲਈ ਬੜੇ ਮਾਨ ਦੀ ਗੱਲ ਹੈ ਕਿ ਸਕੂਲ ਦੇ 8 ਵਿਦਿਆਰਥੀਆਂ ਨੇ ਇਸ ਪ੍ਰਤੀਯੋਗਤਾ ਵਿੱਚ ਕਾਮਯਾਬੀ ਪ੍ਰਾਪਤ ਕੀਤੀ ਹੈ ਅਤੇ ਇਸ ਪ੍ਰਤਿਯੋਗਤਾ ਵਿੱਚ ਜ਼ਿਲ੍ਹੇ ਦੇ ਹਾਈ ਸਕੂਲਾਂ ਵਿੱਚ ਉਨ੍ਹਾਂ ਦਾ ਸਕੂਲ ਪਹਿਲੇ ਨੰਬਰ ਤੇ ਰਿਹਾ। ਉਨ੍ਹਾਂ ਦੱਸਿਆ ਕਿ ਇਸ ਪ੍ਰੀਖਿਆ ਵਿੱਚ ਸਕੂਲ ਦੇ ਆਰੀਅਨ, ਸੰਦੀਪ ਕੌਰ, ਅਨਮੋਲ ਰੋਬਿਨ, ਅਨੁਰੀਤ ਕੌਰ, ਸਿਮਰਨਜੀਤ ਕੌਰ, ਜਸਮੀਤ ਕੌਰ, ਹਰਜਿੰਦਰ ਸਿੰਘ ਅਤੇ ਸਰਬਜੀਤ ਸਿੰਘ ਨੇ ਸਕਾਲਰਸ਼ਿਪ ਪ੍ਰੀਖਿਆ ਪਾਸ ਕਰਕੇ ਸਕੂਲ, ਮਾਤਾ—ਪਿਤਾ ਅਤੇ ਇਲਾਕੇ ਦਾ ਨਾਂ ਰੌਸ਼ਨ ਕੀਤਾ ਹੈ। ਦਸਣਯੋਗ ਹੈ ਕਿ ਇਸ ਇਮਤਿਹਾਨ ਲਈ ਵਿਸ਼ੇਸ਼ ਤਿਆਰੀ ਖੁਦ ਸਕੂਲ ਮੁਖੀ ਸ੍ਰੀਮਤੀ ਸੋਨੀਆਂ ਸਿੱਧੂ, ਸਤਨਾਮ ਸਿੰਘ ਸ.ਸ ਮਾਸਟਰ ਅਤੇ ਸ੍ਰੀਮਤੀ ਮੋਨਿਕਾ ਗੁਪਤਾ ਮੈਥ ਮਿਸਟ੍ਰੈਸ ਦੁਆਰਾ ਕਰਵਾਈ ਗਈ। ਮੁੱਖ ਅਧਿਆਪਕਾ ਸ੍ਰੀਮਤੀ ਸੋਨੀਆ ਸਿੱਧੂ ਨੇ ਇਸ ਸਫਲਤਾ ਦਾ ਸਿਹਰਾ ਸਮੁੱਚੇ ਸਟਾਫ ਨੂੰ ਦਿੰਦਿਆਂ ਸਾਰੇ ਸਟਾਫ ਨੂੰ ਵਧਾਈ ਦਿੱਤੀ। ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿਦਿਆਰਥੀਆਂ ਨੂੰ ਨੌਵੀਂ ਤੋਂ ਬਾਰਵੀਂ ਜਮਾਤ ਤੱਕ (ਚਾਰ ਸਾਲਾਂ ਲਈ) 1000 ਰੁਪਏ ਪ੍ਰਤੀ ਮਹੀਨਾ ਦੀ ਦਰ ਨਾਲ 48000 ਰੁਪਏ ਪ੍ਰਤੀ ਵਿਦਿਆਰਥੀ ਵਜੀਫਾ ਮਿਲੇਗਾ, ਜਿਸ ਨਾਲ ਵਿਦਿਆਰਥੀ ਆਪਣੀ ਪੜ੍ਹਾਈ ਨਾਲ ਸਬੰਧਤ ਜਰੂਰੀ ਲੋੜਾਂ ਨੂੰ ਪੂਰਾ ਕਰ ਸਕਣਗੇ। ਉਨ੍ਹਾਂ ਕਿਹਾ ਕਿ ਸਕੂਲ ਦੇ ਬੱਚਿਆਂ ਵੱਲੋਂ ਮੁਕਾਬਲਾ ਪ੍ਰੀਖਿਆ ਨੂੰ ਪਾਸ ਕਰਨਾ ਹੋਰਨਾਂ ਵਿਦਿਆਰਥੀਆਂ ਲਈ ਵੀ ਪ੍ਰੇਰਨਾ ਸਰੋਤ ਹੋਵੇਗਾ। ਇਸ ਮੌਕੇ ਤੇ ਸਕੂਲ ਮੁਖੀ ਨੇ ਸ਼ੁਭਕਾਮਨਾਵਾਂ ਦਿੰਦੇ ਹੋਏ ਬੱਚਿਆਂ ਦੇ ਮਾਤਾ ਪਿਤਾ ਨੂੰ ਵਧਾਈ ਦਿੱਤੀ।

ਆਵਾਜ਼ਿ ਕੌਮ AWAZE QAUM International Newspaper & WEB TV

# ਸਾਬਕਾ ਸੈਨਿਕ ਸੰਘਰਸ਼ ਕਮੇਟੀ ਦੀ ਮੀਟਿੰਗ ਦੌਰਾਨ ਕੀਤੀਆਂ ਵਿਚਾਰਾਂ



**ਫ਼ਿਰੋਜ਼ਪੁਰ, 31 ਮਾਰਚ (ਮਨੋਹਰ ਲਾਲ) :—** ਅੱਜ ਸਾਬਕਾ ਸੈਨਿਕ ਸੰਘਰਸ਼ ਕਮੇਟੀ ਵੱਲੋਂ ਮੁੱਦਕੀ ਜੋਨ ਦੇ ਸਾਬਕਾ ਸੈਨਿਕਾਂ ਨਾਲ ਮੀਟਿੰਗ ਸੀਸ ਗੰਜ ਗੁਰੂਦਵਾਰਾ ਸਾਹਿਬ ਵਿਖੇ ਕੀਤੀ ਗਈ ਜਿਸ ਵਿੱਚ ਉਨ੍ਹਾਂ ਨੂੰ ਈ.ਸੀ.ਐਚ ਅਤੇ ਸਿਵਿਲ ਪ੍ਰਸ਼ਾਸਕ ਵਲੋਂ ਆ ਰਹੀਆ ਮੁਸ਼ਕਿਲ ਦੇ ਹੱਲ ਕਰਨ ਵਾਸਤੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੀਟਿੰਗ ਵਿੱਚ ਜੋਨ ਦੇ ਸਾਬਕਾ ਸੈਨਿਕਾਂ ਨੇ ਵੱਧ ਚੜ੍ਹ ਕੇ ਯੋਗਦਾਨ ਪਾਇਆ ਅਤੇ ਸਾਰਿਆਂ ਨੂੰ ਅਪੀਲ ਕੀਤੀ ਗਈ ਕਿ ਸਾਰੇ ਆਪਣੀ ਸਾਬਕਾ ਸੈਨਿਕ ਸੰਘਰਸ਼ ਦੇ ਨਾਲ ਜੁੜ ਆਪਣੇ ਪਰਿਵਾਰ ਦੇ ਨਾਲ ਆ ਰਹੀਆ ਮੁਸ਼ਿਕਲ ਨਾਲ਼ ਜੂਝਣ ਵਾਸਤੇ ਪ੍ਰੇਰਿਤ ਕੀਤਾ ਗਿਆ। ਇਸ ਮੀਟਿੰਗ ਵਿੱਚ ਸੂਬੇਦਾਰ ਚਰਨ ਸਿੰਘ ਕੀਰਤੀ ਚੱਕਰ ਚੈਅਰਮੈਨ, ਕੈਪਟਨ ਲਖਵਿੰਦਰ ਸਿੰਘ ਖਜਾਨਚੀ ਹਵਾਲਦਾਰ ਲਖਬੀਰ ਸਿੰਘ ਜਰਨਲ ਸਕੱਤਰ ਸਾਬਕਾ ਸੈਨਿਕ ਸੰਘਰਸ਼ ਅਤੇ ਬਹੁਤ ਸਾਰੇ ਸਾਬਕਾ ਸੈਨਿਕ ਹਾਜ਼ਰ ਹੋਏ। ਸ਼ਹੀਦ ਗੰਜ ਗੁਰਦੁਆਰਾ ਸਾਹਿਬ ਵਿਖੇ ਹੋਈ ਮੀਟਿੰਗ ਵਿੱਚ ਮੁੱਖ ਮਹਿਮਾਨ ਵਜੋਂ ਸੂਬੇਦਾਰ ਚਰਨ ਸਿੰਘ ਕੀਰਤੀ ਚੱਕਰ, ਜਨਰਲ ਸਕੱਤਰ ਹੌਲਦਾਰ ਲੱਖਵੀਰ ਸਿੰਘ, ਕੈਪਟਨ ਲੱਖਵਿੰਦਰ ਸਿੰਘ, ਹੌਲਦਾਰ ਜਗਦੇਵ ਸਿੰਘ, ਗੁਰਪ੍ਰੀਤ ਸਿੰਘ ਕੋਟ ਕਰੌੜ, ਕੁਲਵੰਤ ਸਿੰਘ ਹਰੀ ਨੋ, ਨਾਇਬ ਸਿੰਘ ਚੜਿੱਕ, ਸਤਨਾਮ ਸਿੰਘ ਮੁੱਦਕੀ, ਇਕਬਾਲ ਸਿੰਘ ਮੁੱਦਕੀ, ਬਲਵਿੰਦਰ ਸਿੰਘ ਵਾੜਾ ਜਵਾਹਰ ਸਿੰਘ, ਪ੍ਰਿਤਪਾਲ ਸਿੰਘ ਜੰਡ ਵਾਲਾ, ਰਾਜਿੰਦਰ ਸਿੰਘ ਪੱਖੀ ਕਲਾਂ, ਹਜ਼ੂਰ ਸਿੰਘ ਚੰਦਬਾਜਾ, ਛਿੰਦਰਪਾਲ ਚੰਦਬਾਜਾ, ਬਲਵਿੰਦਰ ਸਿੰਘ ਲੁਹਾਮ, ਸੇਵਾ ਸਿੰਘ ਸ਼ਿਹਜ਼ਾਦੀ, ਛਿੰਦਰਪਾਲ ਸਿੰਘ ਸ਼ਿਹਜ਼ਾਦੀ, ਰੇਸ਼ਮ ਸਿੰਘ ਸ਼ਿਹਜ਼ਾਦੀ ਨੇ ਹਿੱਸਾ ਲਿਆ।

ਆਵਾਜ਼ਿ ਕੌਮ AWAZE QAUM International Newspaper & WEB TV

# ਇਲਾਕੇ ਦੀ ਨਾਮਵਰ ਸੰਸਥਾ ਵੱਲੋਂ ਕੀਰਤੀ ਚੱਕਰ ਸੂਬੇਦਾਰ ਚਰਨ ਸਿੰਘ ਨੂੰ ਕੀਤਾ ਸਨਮਾਨਿਤ



ਫ਼ਿਰੋਜ਼ਪੁਰ, 31 ਮਾਰਚ (ਮਨੋਹਰ ਲਾਲ) :— ਸਮਾਜਿਕ ਚੇਤਨਾ ਚੈਰੀਟੇਬਲ ਸੁਸਾਇਟੀ ਪੰਜਾਬ ਵੱਲੋਂ ਕੀਰਤੀ ਚੱਕਰ ਸੂਬੇਦਾਰ ਚਰਨ ਸਿੰਘ ਨੂੰ ਸਨਮਾਨਿਤ ਕੀਤਾ ਗਿਆ। ਸਾਬਕਾ ਸੈਨਿਕਾਂ ਦੀ ਮੀਟਿੰਗ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਵਿਖੇ ਹੋਈ, ਜਿਸ ਵਿਚ ਪੰਜਾਬ ਦੇ ਨਾਮਵਰ ਹਸਪਤਾਲ ਮੈਡੀਸਿਟੀ ਮੁਕਤਸਰ ਸਾਹਿਬ ਦੀ ਈ.ਸੀ.ਐਸ.ਐਚ ਕਾਰਡ ਧਾਰਕਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਤੋਂ ਜਾਣੂ ਕਰਵਾਇਆ ਗਿਆ। ਇਸ ਹਸਪਤਾਲ ਵਿਚ ਡੀ.ਐਮ.ਸੀ ਦੇ ਬਹੁਤ ਹੀ ਮਾਹਿਰ ਡਾਕਟਰ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਮਰੀਜਾਂ ਦਾ ਇਲਾਜ ਕਰ ਰਹੇ ਹਨ। ਸਾਬਕਾ ਸੈਨਿਕਾਂ ਨੂੰ ਆਪਣੇ ਇਲਾਜ ਲਈ ਇਸ ਹਸਪਤਾਲ ਦੀਆਂ ਸੇਵਾਵਾਂ ਦਾ ਫਾਇਦਾ ਜ਼ਰੂਰ ਦੇਣਾ ਚਾਹੀਦਾ ਹੈ, ਇਸ ਦੇ ਨਾਲ ਹੀ ਸੈਨਿਕ ਸੰਘਰਸ਼ ਕਮੇਟੀ ਨੂੰ ਮਜ਼ਬੂਤ ਕਰਨ ਲਈ ਵਿਚਾਰ ਵਟਾਂਦਰਾ ਹੋਇਆ ਅਤੇ ਸਾਰੇ ਸਾਬਕਾ ਸੈਨਿਕਾਂ ਨੂੰ ਇਕਜੁੱਟਤਾ ਦੀ ਅਪੀਲ ਕੀਤੀ ਗਈ। ਇਸ ਮੌਕੇ ਕੀਰਤੀ ਚੱਕਰ ਸੂਬੇਦਬ ਚਰਨ ਸਿੰਘ, ਲਖਵੀਰ ਸਿੰਘ, ਸੰਸਥਾ ਦੇ ਸੇਵਾਦਾਰ ਗੁਰਪ੍ਰੀਤ ਸਿੰਘ, ਮੈਡੀਸਿਟੀ ਹਸਪਤਾਲ ਦੇ ਪੀ.ਆਰ.ਓ ਦਲੀਪ ਅਤੇ ਹੋਰ ਬਹੁਤ ਸਾਰੇ ਮਹਾਨ ਸਖਸ਼ੀਅਤਾਂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

### ਸੰਤਾਂ ਮਹਾਂਪੁਰਖਾਂ ਦੀ ਮਿੱਠੀ ਯਾਦ ਵਿਚ ਮਹਾਨ ਗੁਰਮਤਿ ਸਮਾਗਮ ਦੌਰਾਨ

# ਸੰਤਾਂ-ਮਹਾਂਪੁਰਖਾਂ ਸਮੇਤ ਵੱਡੀ ਗਿਣਤੀ ਸ਼ਰਧਾਲੂਆਂ ਹੋਈਆਂ ਨਤਮਸਤਕ

ਫ਼ਿਰੋਜ਼ਪੁਰ, 31 ਮਾਰਚ (ਮਨੋਹਰ ਲਾਲ) :— ਗੁਰਦੁਆਰਾ ਠਾਠ ਨਾਨਕਸਰ ਕੁਟੀਆ ਪਿੰਡ ਕਿੜੀਆਂ ਨੇੜੇ ਬਾਬਾ ਮਾਦਾ ਸ਼ਹੀਦ ਹਰੀਕੇ ਵਿਖੇ ਸੰਤਾਂ ਮਹਾਂਪੁਰਖਾਂ ਜਿਨ੍ਹਾਂ ਵਿਚ ਸ੍ਰੀਮਾਨ ਸੰਤ ਬਾਬਾ ਕੁੰਦਨ ਸਿੰਘ ਜੀ ਨਾਨਕਸਰ ਕਲੇਰਾਂ, ਸ੍ਰੀਮਾਨ ਸੰਤ ਬਾਬਾ ਦਯਾ ਸਿੰਘ ਸੁਰ ਸਿੰਘ ਵਾਲੇ, ਬਾਬਾ ਪਿਆਰਾ ਸਿੰਘ ਸ਼ਹੀਦ ਢਾਬਸਰ ਵਾਲੇ ਦੀ ਮਿੱਠੀ ਯਾਦ ਮਨਾਈ ਗਈ ਅਤੇ ਮਹਾਨ ਗੁਰਮਤਿ ਸਮਾਗਮ ਕਰਵਾਏ ਗਏ। ਇਸ ਮੌਕੇ ਤੇ ਸਭ ਤੋਂ ਪਹਿਲਾਂ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਭੋਗ ਉਪਰੰਤ ਸਿੱਖ ਕੌਮ ਦੇ ਰਾਗੀ, ਢਾਡੀ, ਕਵੀਸ਼ਰੀ ਅਤੇ ਨਿਹੰਗ ਸਿੰਘ ਜਥੇਬੰਦੀਆਂ ਦੇ ਆਗੂਆਂ ਨੇ ਆਪਣੀ ਮਧੁਰ ਬਾਣੀ ਨਾਲ ਸੰਗਤਾਂ ਨੂੰ ਗੁਰਇਤਿਹਾਸ ਸੁਣਾ ਕੇ ਨਿਹਾਲ ਕੀਤਾ। ਇਸ ਮੌਕੇ ਤੇ ਕਵੀਸ਼ਰੀ ਜਥਾ ਭਾਈ ਸੁਖਪ੍ਰੀਤ ਸਿੰਘ ਸ੍ਰੀ ਅੰਮ੍ਰਿਤਸਰ ਵਾਲੇ, ਬਾਬਾ ਤੀਰਥ ਸਿੰਘ ਝਾੜ ਸਾਹਿਬ ਵਾਲੇ, ਭਾਈ ਲਖਬੀਰ ਸਿੰਘ ਕਵੀਸ਼ਰੀ ਜਥਾ, ਬਾਬਾ ਦਰਸ਼ਨ ਸਿੰਘ ਬਾਠਾਂ ਵਾਲੇ, ਬਾਬਾ ਹਰਜੀਤ ਸਿੰਘ ਯੂ.ਕੇ ਵਾਲੇ, ਬਾਬਾ ਰਵਿੰਦਰ ਸਿੰਘ ਰਿੰਕੂ ਨਾਨਕਸਰ ਵਾਲੇ, ਭਾਈ ਮਹਾਂ ਗੁਰਜੋਤ ਸਿੰਘ, ਭਾਈ ਪ੍ਰਭਜੋਤ ਸਿੰਘ ਜਗਾਧਰੀ ਵਾਲੇ, ਭਾਈ ਜਗਜੀਤ ਸਿੰਘ ਜਥਾ ਕੋਹਾੜ ਕਾ, ਬਾਬਾ ਤਰਸੇਮ ਸਿੰਘ ਨਾਨਕਸਰ ਹਰੀਕੇ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਜਥਿਆਂ ਨੇ ਹਾਜ਼ਰੀ ਭਰੀ। ਇਸ ਮੌਕੇ ਤੇ ਸ਼ਾਮ ਨੂੰ ਚਾਰ ਵਜੇ ਕਬੱਡੀ ਸ਼ੋਅ ਮੈਚ ਹੋਇਆ, ਜਿਸ ਵਿਚ ਬਾਬਾ ਸ਼ਹੀਦ ਜੀ ਕਬੱਡੀ ਪੱਧਰੀ ਤੋਂ ਇਲਾਵਾ ਸੋਨੀ ਛੰਨਾ ਵਾਲਾ ਮਾਝਾ ਕਬੱਡੀ ਅਪਡੇਟ ਤਰਨ ਤਾਰਨ ਦੇ ਕਬੱਡੀ ਸ਼ੋਅ ਮੈਚ ਹੋਏ, ਜਿਸ ਵਿਚ ਜੇਤੂ ਖਿਡਾਰੀਆਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਤੇ ਗੁਰਦੁਆਰਾ ਠਾਠ ਨਾਨਕਸਰ ਗੋਬਿੰਦ ਨਗਰ ਖਾਈ ਫੇਮੇਕੀ ਤੇ ਗੁਰਦੁਆਰਾ ਠਾਠ ਨਾਨਕਸਰ ਕੁਟੀਆ ਕਿੜੀਆਂ ਨੇੜੇ ਬਾਬਾ ਮਾਦਾ ਸ਼ਹੀਦ ਹਰੀਕੇ ਦੇ ਮੁੱਖ ਸੇਵਾਦਾਰ ਸ੍ਰੀਮਾਨ ਸੰਤ ਬਾਬਾ ਅਜੀਤਪਾਲ ਸਿੰਘ ਪਾਲੀ ਨੇ ਸਭ ਤੋਂ ਪਹਿਲਾਂ ਸੰਤਾਂ ਮਹਾਂਪੁਰਸ਼ਾਂ, ਰਾਗੀ, ਢਾਡੀ, ਕਵੀਸ਼ਰੀ ਅਤੇ ਕਥਾਵਾਚਕ ਜਥਿਆਂ ਦਾ ਧੰਨਵਾਦ ਕੀਤਾ, ਜਿਨ੍ਹਾਂ ਦੂਰ—ਦੂਰ ਤੋਂ ਆ ਕੇ ਇਸ ਅਸਥਾਨ ਤੇ ਹਾਜ਼ਰੀ ਲੁਆਈ। ਇਸ ਤੋਂ ਇਲਾਵਾ ਸੰਗਤਾਂ ਦਾ ਧੰਨਵਾਦ ਕੀਤਾ, ਖਾਸ ਕਰਕੇ ਫ਼ਿਰੋਜ਼ਪੁਰ ਦੀਆਂ ਸੰਗਤਾਂ ਦਾ ਜਿਹੜੇ ਕਿ ਬੱਸਾਂ, ਕਾਰਾਂ ਰਾਹੀਂ ਇਸ ਅਸਥਾਨ ਤੇ ਪਹੁੰਚੇ, ਉਨ੍ਹਾਂ ਦਾ ਦਿਲ ਦੀਆਂ ਗਹਿਰਾਈਆਂ ਨਾਲ ਧੰਨਵਾਦ ਕੀਤਾ। ਇਸ ਤੋਂ ਇਲਾਵਾ ਜਿਹੜੀਆਂ ਸੰਗਤਾਂ ਨੇ ਇਸ ਸਮਾਗਮ ਨੂੰ ਕਾਮਯਾਬ ਬਨਾਉਣ ਲਈ ਦਿਨ—ਰਾਤ ਸੇਵਾ ਕੀਤੀ, ਉਨ੍ਹਾਂ ਦਾ ਵੀ ਧੰਨਵਾਦ ਕੀਤਾ। ਇਸ ਮੌਕੇ ਤੇ ਕਮੇਟੀ ਚੇਅਰਮੈਨ ਮਨਜੀਤ ਸਿੰਘ ਮਹੰਤ, ਭਾਈ ਨਿਸ਼ਾਨ ਸਿੰਘ, ਭਾਈ ਹਰਭਜਨ ਸਿੰਘ, ਭਾਈ ਹਰਵੇਲ ਸਿੰਘ, ਭਾਈ ਪਰਮਜੀਤ ਸਿੰਘ, ਬਾਬਾ ਦਿਲਬਾਗ ਸਿੰਘ, ਸੇਵਾਦਾਰ ਭਾਈ ਬੂਟਾ ਸਿੰਘ, ਭਾਈ ਜ਼ਸਵੰਤ ਸਿੰਘ ਜੱਗਾ, ਬਾਬਾ ਚਰਨਜੀਤ ਸਿੰਘ, ਭਾਈ ਗੇਜਾ ਸਿੰਘ ਸਰਪੰਚ, ਭਾਈ ਬਲਕਾਰ ਸਿੰਘ, ਭਾਈ ਜ਼ੋਰਾ ਸਿੰਘ, ਭਾਈ ਰਾਜੂ ਸਿੰਘ, ਭਾਈ ਸਰਬਜੀਤ ਸਿੰਘ, ਭਾਈ ਬੱਬੂ ਭਾਅਜੀ, ਭਾਈ ਅੰਗਰੇਜ਼ ਸਿੰਘ, ਭਾਈ ਜੀਤਾ ਸਿੰਘ, ਭਾਈ ਕੁਲਦੀਪ ਸਿੰਘ, ਭਾਈ ਸੁਰਿੰਦਰ ਸਿੰਘ, ਭਾਈ ਤਰਸੇਮ ਸਿੰਘ, ਭਾਈ ਮਨਜੀਤ ਸਿੰਘ, ਭਾਈ ਕੰਵਲਜੀਤ ਸਿੰਘ, ਬਾਬਾ ਗੁਰਮੀਤ ਸਿੰਘ, ਭਾਈ ਰਵਿੰਦਰ ਸਿੰਘ, ਭਾਈ ਵਿਸ਼ਾਲ ਸਿੰਘ, ਭਾਈ ਜ਼ੋਧਵੀਰ ਸਿੰਘ, ਭਾਈ ਅਜੇ ਸਿੰਘ, ਭਾਈ ਸੂਰਜ ਸਿੰਘ, ਭਾਈ ਸਰਤਾਜ ਸਿੰਘ, ਭਾਈ ਪੰਥਪ੍ਰੀਤ ਸਿੰਘ ਇਨ੍ਹਾਂ ਸਮਾਗਮਾਂ ਵਿਚ ਰਾਤ—ਦਿਨ ਹੱਥੀਂ ਸੇਵਾ ਕਰਕੇ ਸਮਾਗਮ ਨੂੰ ਕਾਮਯਾਬ ਬਣਾਇਆ। ਇਸ ਮੌਕੇ ਗੁਰੂ ਕਾ ਲੰਗਰ, ਚਾਹ—ਪਕੌੜਿਆਂ ਦਾ ਲੰਗਰ, ਜਲੇਬੀਆਂ ਦਾ ਲੰਗਰ, ਚੀਸ ਚਿਲੀ, ਅਮਚੂਰੀਅਨ ਦਾ ਲੰਗਰ ਤੋਂ ਇਲਾਵਾ ਗੋਲ ਗੱਬਿਆਂ ਦਾ ਲੰਗਰ ਅਤੁੱਟ ਵਰਤਾਏ ਗਏ। ਇਸ ਮੌਕੇ ਤੇ ਆਏ ਹੋਏ ਪਤਵੰਤਿਆਂ ਅਤੇ ਮਹਾਂਪੁਰਸ਼ਾਂ ਨੂੰ ਬਾਬਾ ਜੀ ਨੇ ਸਨਮਾਨਿਤ ਕੀਤਾ।




### ਸੀਨੀਅਰ ਸਿਟੀਜ਼ਨਜ਼ ਫੋਰਮ ਨਾਲ ਹੈਵਨਲੀ ਪੈਲੇਸ ਬਾਰੇ ਖਾਸ ਜਾਗਰੂਕਤਾ ਬੈਠਕ

# ਧਰਤੀ ਤੇ ਸਵਰਗ ਜਿਹਾ ਅਹਿਸਾਸ ਕਰਵਾਉਂਦਾ ਇਕ ਵਿਲੱਖਣ ਓਲਡਏਜ਼ ਹੋਮ









**ਫ਼ਿਰੋਜ਼ਪੁਰ, 31 ਮਾਰਚ (ਮਨੋਹਰ ਲਾਲ) :—** ਸੀਨੀਅਰ ਸਿਟੀਜ਼ਨਸ ਫੋਰਮ ਵੱਲੋਂ ਪ੍ਰਧਾਨ ਪ੍ਰਦੀਪ ਧਵਨ ਦੀ ਅਗੁਵਾਈ ਹੇਠ ਬਾਗਬਾਨ ਓਲਡਏਜ਼ ਹੋਮ ਮਖੂ ਗੇਟ ਵਿਖੇ ਇੱਕ ਖਾਸ ਬੈਠਕ ਸੱਦੀ ਗਈ, ਜਿਸ ਵਿਚ ਮਨੁੱਖਤਾ ਦੀ ਸੇਵਾ ਨੂੰ ਸਮਰਪਿਤ ਡ੍ਰੀਮ ਐਂਡ ਬਿਊਟੀ ਚੈਰੀਟੇਬਲ ਟਰੱਸਟ ਦੋਰਾਹਾ (ਜ਼ਿਲ੍ਹਾ ਲੁਧਿਆਣਾ) ਦੇ ਸਹਾਇਕ ਜਨਰਲ ਮੈਨੇਜਰ ਸ਼੍ਰੀ ਵਰਿੰਦਰ ਨੂੰ ਵਿਸ਼ੇਸ਼ ਜਾਗਰੂਕਤਾ ਬੈਠਕ ਦੇ ਲਈ ਉਚੇਚੇ ਤੌਰ ਤੇ ਸੱਦਿਆ ਗਿਆ। ਬੈਠਕ ਦੌਰਾਨ ਗੱਲਬਾਤ ਕਰਦਿਆਂ ਏ.ਜੀ.ਐਮ. ਵਰਿੰਦਰ ਨੇ ਦੱਸਿਆ ਕਿ ਅਮਰੀਕਾ ਦੇ ਸਫਲ ਭਾਰਤੀ ਕਾਰੋਬਾਰੀ ਸ੍ਰੀ ਅਨਿਲ ਮੋਂਗਾ ਵੱਲੋਂ ਸਥਾਪਿਤ ਡ੍ਰੀਮ ਐਂਡ ਬਿਊਟੀ ਚੈਰੀਟੇਬਲ ਟਰੱਸਟ ਦਾ ਮੰਤਵ ਸਮਾਜ ਦੀ ਸੇਵਾ ਕਰਨਾ ਹੈ, ਜਿਸ ਦੇ ਅਧੀਨ ਦੋਰਾਹਾ ਨਹਿਰ ਦੇ ਕੰਢੇ 14 ਏਕੜ ਵਿੱਚ ਬਣੇ ਆਲੀਸ਼ਾਨ ਸੀਨੀਅਰ ਸਿਟੀਜ਼ਨ ਹੋਮ ਹੈਵਨਲੀ ਪੈਲੇਸ ਵਿੱਚ ਬਜ਼ੁਰਗਾਂ ਲਈ ਚੰਗੇ ਪੱਧਰ ਦੀਆਂ ਸਹੂਲਤਾਂ ਮੌਜੂਦ ਹਨ, ਜਿੱਥੇ ਲਗਭਗ ਹਰ ਖੇਤਰ ਨਾਲ ਸਬੰਧਿਤ ਸੀਨੀਅਰ ਸਿਟੀਜ਼ਨਸ, ਸੇਵਾ ਮੁਕਤ ਅਧਿਕਾਰੀ ਅਤੇ ਬਜ਼ੁਰਗ ਪ੍ਰਵਾਸੀ ਭਾਰਤੀ ਰਹਿੰਦੇ ਹਨ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਵਰਿੰਦਰ ਨੇ ਦੱਸਿਆ ਕਿ ਇਥੇ ਨਾ ਸਿਰਫ ਬਜੁਰਗਾਂ ਦੀ ਸੇਵਾ ਸਗੋਂ ਟਰੱਸਟ ਅਧੀਨ ਚੱਲ ਰਹੇ ਹੈਵਨਲੀ ਏਂਜਲਸ ਚ ਅਨਾਥ ਬੱਚਿਆਂ ਨੂੰ ਪੜ੍ਹਾਈ ਅਤੇ ਖੇਡਾਂ ਦੇ ਨਾਲ—ਨਾਲ ਪਹਿਲੇ ਦਰਜੇ ਦੀਆਂ ਸੁੱਖ ਸਹੂਲਤਾਂ ਮੁਹਈਆ ਕਰਵਾਈਆਂ ਜਾਂਦੀਆਂ ਹਨ। ਏਨ੍ਹਾ ਹੀ ਨਹੀਂ ਬ੍ਰਹਮਭੋਗ ਨਾਂ ਹੇਠ ਰੋਜ਼ਾਨਾ ਹਜ਼ਾਰਾਂ ਲੋੜਵੰਦਾਂ ਨੂੰ ਮੁਫ਼ਤ ਪੌਸ਼ਿਟਕ ਖਾਣਾ ਪ੍ਰਸ਼ਾਦ ਦੇ ਰੂਪ ਚ ਵੰਡਿਆ ਜਾਂਦਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਜਲਦ ਹੀ ਲੋੜਵੰਦ ਬੇਘਰੇ ਬਜ਼ੁਰਗਾਂ ਲਈ ਵੀ ਸੇਵਾਵਾਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ, ਜਿਸ ਦੀ ਇਮਾਰਤ ਬਣ ਕੇ ਤਿਆਰ ਹੈ। ਇਸ ਦੌਰਾਨ ਬੈਠਕ ਚ ਮੌਜੂਦ ਫੋਰਮ ਦੇ ਸਾਰੇ ਮੈਂਬਰਾਂ ਨੇ ਡ੍ਰੀਮ ਐਂਡ ਬਿਊਟੀ ਚੈਰੀਟੇਬਲ ਟਰੱਸਟ ਵੱਲੋਂ ਮਨੁੱਖਤਾ ਦੀ ਸੇਵਾ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ ਤੇ ਫੋਰਮ ਦੇ ਜਿਨ੍ਹਾਂ ਮੈਂਬਰ ਸਾਹਿਬਾਨਾਂ ਦਾ ਮਾਰਚ ਮਹੀਨੇ ਚ ਜਨਮ ਦਿਹਾੜਾ ਸੀ, ਉਨ੍ਹਾਂ ਨੂੰ ਚੇਅਰਮੈਨ ਸ਼੍ਰੀ ਐਸ.ਪੀ ਖੇੜਾ ਅਤੇ ਪ੍ਰਧਾਨ ਸ਼੍ਰੀ ਪ੍ਰਦੀਪ ਧਵਨ ਵੱਲੋਂ ਖਾਸ ਤੋਹਫੇ ਦੇ ਕੇ ਜਨਮ ਦਿਹਾੜੇ ਦੀਆਂ ਵਧਾਈਆਂ ਦਿੱਤੀਆਂ ਗਈਆਂ। ਇਸ ਬੈਠਕ ਦੌਰਾਨ ਫੋਰਮ ਦੇ ਸਰਪ੍ਰਸਤ ਸ਼ਾਮ ਲਾਲ ਗੱਖਰ, ਕੋਆਰਡੀਨੇਟਰ ਚੇਅਰਮੈਨ ਰਾਕੇਸ਼ ਸ਼ਰਮਾ, ਚਰਨਜੀਤ, ਦੇਸ਼ ਤੁਲੀ, ਸੀਨੀਅਰ ਉੱਪ ਪ੍ਰਧਾਨ ਵਿਨੋਦ ਗੋਇਲ, ਪ੍ਰਵੀਨ ਤਲਵਾੜ, ਉੱਪ ਪ੍ਰਧਾਨ ਰਮੇਸ਼ ਅਗਰਵਾਲ, ਤਿਲਕ ਰਾਜ ਏਰੀ, ਸ਼ਾਮ ਲਾਲ ਗੱਖੜ, ਸਲਾਹਕਾਰ ਹਰੀਸ਼ ਮੋਂਗਾ, ਜਨਰਲ ਮੋਹਿੰਦਰ ਸਿੰਘ ਧਾਲੀਵਾਲ, ਸਕੱਤਰ ਸਤੀਸ਼ ਪੁਰੀ, ਖਜਾਨਚੀ ਜਤਿੰਦਰ ਕਮਲ, ਸੁਰਿੰਦਰ ਬੇਰੀ, ਜੁਆਇੰਟ ਕੈਸ਼ੀਅਰ ਅਸ਼ੋਕ ਕੁਮਾਰ ਕਾਰਜਕਾਰਨੀ ਮੈਂਬਰ ਸ਼ਿਵ ਕੁਮਾਰ, ਪ੍ਰੋਫੈਸਰ ਜੀ.ਐਸ ਮਿੱਤਲ, ਪਰਵੇਸ਼ ਕੁਮਾਰ ਡੀ.ਆਰ ਗੋਇਲ, ਸੁਰਿੰਦਰ ਸਿੰਘ ਬਲਾਸੀ, ਯੋਗਿੰਦਰ ਨਾਥ ਕਾਕੜ, ਰਾਜਿੰਦਰ ਸ਼ਰਮਾ, ਬਲਦੇਵ ਸਚਦੇਵਾ, ਡਾਕਟਰ ਸੁਰਿੰਦਰ ਕਪੂਰ, ਅਸ਼ੋਕ ਕਾਕੜ, ਅਸ਼ੋਕ ਕਾਪਾਹੀ ਅਤੇ ਹੋਰ ਸੀਨੀਅਰ ਸਿਟੀਜ਼ਨਸ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਟੀ.ਬੀ.ਐਸ ਇੰਟਰਨੈਸ਼ਨਲ ਸਕੂਲ ਦੇ ਬੱਚਿਆਂ ਨੇ ਮੁਕਾਬਲਿਆਂ ਵਿਚ ਖੱਟਿਆ ਨਾਮਣਾ



**ਫ਼ਿਰੋਜ਼ਪੁਰ, 31 ਮਾਰਚ (ਮਨੋਹਰ ਲਾਲ) :—** ਮੋਗਾ ਰੋਡ ਤੇ ਸਥਿਤ ਟੀ.ਬੀ.ਐਸ ਇੰਟਰਨੈਸ਼ਨਲ ਸਕੂਲ ਜੋ ਕਿ ਚੇਅਰਮੈਨ ਡਾ: ਹੀਰਾਲਾਲ ਸ਼ਰਮਾ, ਵਾਈਸ ਚੇਅਰਮੈਨ ਵਿਭੋਰ ਸ਼ਰਮਾ, ਜਨਰਲ ਸਕੱਤਰ ਸ਼ਿਵਮ ਸ਼ਰਮਾ ਅਤੇ ਮੈਨੇਜਿੰਗ ਡਾਇਰੈਕਟਰ ਦੀਪਾਲੀ ਸ਼ਰਮਾ ਦੀ ਨਿਗਰਾਨੀ ਹੇਠ ਚੱਲ ਰਿਹਾ ਹੈ। ਸਕੂਲ ਦੇ ਵਿਦਿਆਰਥੀਆਂ ਨੇ ਫਿਰੋਜ਼ਪੁਰ ਛਾਉਣੀ ਦੇ ਗਾਂਧੀ ਗਾਰਡਨ ਵਿਖੇ ਆਯੋਜਿਤ 8ਵੇਂ ਮਯੰਕ ਸ਼ਰਮਾ ਮੈਮੋਰੀਅਲ ਫਾਊਂਡੇਸ਼ਨ ਪੇਂਟਿੰਗ ਮੁਕਾਬਲੇ ਵਿੱਚ ਹਿੱਸਾ ਲਿਆ, ਜਿਸ ਵਿੱਚ ਵਿਦਿਆਰਥੀਆਂ ਨੇ ਵੱਖ—ਵੱਖ ਵਿਸ਼ਿਆਂ ਤੇ ਕਲਾਕਾਰੀ ਕਰਨੀ ਸੀ ਅਤੇ ਸਕੂਲੀ ਵਿਦਿਆਰਥੀਆਂ ਨੇ ਆਪਣੀ ਕਲਾਂ ਦੇ ਹੁਨਰ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਮੁਕਾਬਲੇ ਵਿੱਚ ਹਰਸਹਿਜ ਨੇ ਪਹਿਲਾ ਸਥਾਨ, ਗੀਤ ਸ਼ਰਮਾ ਅਤੇ ਰੋਹਨਪਾਲ ਨੇ ਤੀਜਾ ਸਥਾਨ ਪ੍ਰਾਪਤ ਕੀਤਾ ਅਤੇ ਆਪਣੇ ਸਕੂਲ ਅਤੇ ਅਧਿਆਪਕਾਂ ਦਾ ਨਾਮ ਰੌਸ਼ਨ ਕੀਤਾ। ਜੇਤੂ ਵਿਦਿਆਰਥੀਆਂ ਨੂੰ ਸਰਟੀਫਿਕੇਟ ਅਤੇ ਟਰਾਫੀਆਂ ਨਾਲ ਸਨਮਾਨਿਤ ਕੀਤਾ ਗਿਆ ਅਤੇ ਵਧਾਈ ਦਿੰਦਿਆਂ ਉਨ੍ਹਾਂ ਦੇ ਕਲਾਂ ਪ੍ਰਦਰਸ਼ਨ ਦੀ ਸ਼ਲਾਘਾ ਕੀਤੀ ਗਈ। ਸਕੂਲ ਪ੍ਰਿੰਸੀਪਲ ਰੇਖਾ ਪਾਸੀ ਅਤੇ ਮੈਨੇਜਮੈਂਟ ਕਮੇਟੀ ਦੇ ਮੈਂਬਰਾਂ ਨੇ ਜੇਤੂਆਂ ਨੂੰ ਵਧਾਈ ਦਿੰਦਿਆਂ ਬੱਚਿਆਂ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ ਗਈ ਅਤੇ ਉਨ੍ਹਾਂ ਨੂੰ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਅੱਗੇ ਵਧਦੇ ਰਹਿਣ ਅਤੇ ਆਪਣੇ ਸਕੂਲ ਦਾ ਨਾਮ ਰੌਸ਼ਨ ਕਰਦੇ ਰਹਿਣ ਲਈ ਸ਼ੁਭਕਾਮਨਾਵਾਂ ਦਿੱਤੀਆਂ।

# ਪਿੰਡ ਵਿਚੋਂ ਨਸ਼ਾ ਰੋਕਣ ਲਈ ਪੰਚਾਇਤ ਨੇ ਕੀਤਾ ਮਤਾ ਪਾਸ

## ਨਸ਼ਾ ਵੇਚਣ ਵਾਲੇ ਦੀ ਮੱਦਦ ਕਰਨ ਵਾਲੇ ਦਾ ਹੋਵੇਗਾ ਪੂਰਨ ਬਾਈਕਾਟ



**ਤਲਵੰਡੀ ਸਾਬੋ, 1 ਅਪ੍ਰੈਲ (ਗੁਰਜੰਟ ਸਿੰਘ ਨਥੇਹਾ)**-ਪਿੰਡ ਵਿੱਚੋਂ ਮਾਰੂ ਨਸ਼ਿਆਂ ਦੇ ਖਾਤਮੇ ਲਈ ਅੱਜ ਗ੍ਰਾਮ ਪੰਚਾਇਤ ਨਥੇਹਾ ਦੀ ਮੀਟਿੰਗ ਸਰਪੰਚ ਸ਼੍ਰੀਮਤੀ ਰਾਜ ਰਾਣੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਪਿੰਡ ਦੇ ਸਮੂਹ ਨਗਰ ਨਿਵਾਸੀਆਂ ਦੀ ਸਹਿਮਤੀ ਨਾਲ ਨਸ਼ਿਆਂ ਦੇ ਖਿਲਾਫ ਮਤਾ ਪਾਸ ਕੀਤਾ ਗਿਆ ਜਿਸਦੇ ਤਹਿਤ ਕਿਸੇ ਵੀ ਕਿਸਮ ਦਾ ਕੋਈ ਵੀ ਨਸ਼ਾ ਨਹੀਂ ਵੇਚੇਗਾ। ਜੇਕਰ ਕੋਈ ਵਿਅਕਤੀ ਨਸ਼ਾ ਵੇਚਦਾ ਹੈ ਜਾਂ ਨਸ਼ਾ ਵੇਚਦਾ ਫੜ੍ਹਿਆ ਗਿਆ ਤਾਂ ਉਸ ਉੱਪਰ ਪੰਚਾਇਤ ਵੱਲੋਂ ਕਾਨੂੰਨੀ ਕਾਰਵਾਈ ਜਾਵੇਗੀ ਅਤੇ ਪਿੰਡ ਵਾਸੀ, ਗ੍ਰਾਮ ਪੰਚਾਇਤ ਵੱਲੋਂ, ਨੰਬਰਦਾਰ, ਪੰਚ ਜਾਂ ਕੋਈ ਵੀ ਵਿਅਕਤੀ ਉਸ ਦੀ ਮੱਦਦ ਕਰੇਗਾ ਤਾਂ ਉਸਦੀ ਜਮਾਨਤ ਵਗੈਰਾ ਕਰਵਾਏਗਾ ਤਾਂ ਪਿੰਡ ਵੱਲੋਂ ਉਸਦਾ ਪੂਰਨ ਬਾਈਕਾਟ ਕੀਤਾ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਰਪੰਚ ਸ਼੍ਰੀਮਤੀ ਰਾਜ ਰਾਣੀ ਨੇ ਦੱਸਿਆ ਕਿ ਬੇਸ਼ੱਕ ਪਿੰਡ ਦੇ ਜੰਮਪਲ ਸਾਬਕਾ ਡੀ.ਆਈ.ਜੀ ਸ੍ਰ. ਹਰਿੰਦਰ ਸਿੰਘ ਚਾਹਲ ਵਲੋਂ ਚਲਾਏ ਜਾ ਰਹੇ ਕੋਸ਼ਿਸ਼ ਚਾਹਲ ਚੈਰੀਟੇਬਲ ਟਰੱਸਟ ਵੱਲੋਂ ਨੌਜਵਾਨਾਂ ਦੀਆਂ ਨਸ਼ਾ ਵਿਰੋਧੀ ਕਮੇਟੀਆਂ ਬਣਾਈਆਂ ਗਈਆਂ ਸਨ ਪ੍ਰੰਤੂ ਫਿਰ ਵੀ ਪਿੰਡ ਦੀ ਸਹਿਮਤੀ ਨਾਲ ਪੰਚਾਇਤ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਇਹ ਉਪਰਾਲਾ ਕੀਤਾ ਗਿਆ ਹੈ। ਉਹਨਾਂ ਕਿਹਾ ਕਿ ਹਰ ਪਿੰਡ ਦੀ ਪੰਚਾਇਤ ਵੱਲੋਂ ਨਸ਼ਿਆਂ ਦੇ ਖਿਲਾਫ ਮੁਹਿੰਮ ਵਿੱਢਣੀ ਚਾਹੀਦੀ ਹੈ ਤਾਂ ਕਿ ਨੌਜਵਾਨੀ ਨੂੰ ਮਾਰੂ ਨਸ਼ਿਆਂ ਤੋਂ ਨਿਜਾਤ ਦਿਵਾਈ ਜਾ ਸਕੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਪੰਚ ਦੇ ਪਤੀ ਸਮਾਜ ਸੇਵੀ ਸੁਖਪਾਲ ਸਿੰਘ ਚਾਹਲ, ਆਪ ਦੇ ਬਲਾਕ ਪ੍ਰਧਾਨ ਬਿੱਕਰ ਸਿੰਘ ਪੰਚ, ਚਰਨਜੀਤ ਸਿੰਘ ਪੰਚ, ਭੋਲਾ ਸਿੰਘ ਪੰਚ, ਨਾਜਰ ਸਿੰਘ ਪੰਚ, ਮਲਕੀਤ ਸਿੰਘ ਪੰਚ, ਕਿਰਨਪਾਲ ਕੌਰ ਪੰਚ, ਪਰਮਜੀਤ ਕੌਰ ਪੰਚ, ਸ਼ਿੰਦਰ ਕੌਰ ਪੰਚ, ਪਰਵਿੰਦਰ ਕੌਰ ਪੰਚ, ਗੁਰਪਾਲ ਸਿੰਘ, ਜਗਦੇਵ ਸਿੰਘ, ਗੁਰਦੀਪ ਸਿੰਘ, ਕਿਰਪਾਲ ਸਿੰਘ, ਬਲਕੌਰ ਸਿੰਘ, ਤਰਸੇਮ ਚੰਦ, ਕੇਵਲ ਸਿੰਘ, ਕੁਲਵੰਤ ਸਿੰਘ, ਅੰਗਰੇਜ ਸਿੰਘ, ਬਿੱਟੂ ਸਿੰਘ ਅਤੇ ਸਤਨਾਮ ਸਿੰਘ ਸੱਤਾ, ਪਿੰਡ ਵਾਸੀ ਮੌਜੂਦ ਸਨ।

# ਪਿੰਡ ਦੁਗਨੀ ਵਿਖੇ ਈਦ ਦਾ ਤਿਉਹਾਰ ਮਨਾਇਆ ਗਿਆ



ਧੂਰੀ ( ਰਣਜੀਤ ਸਿੰਘ ਪੇਧਨੀ ) ਈਦ ਦਾ ਤਿਉਹਾਰ ਰਮਜ਼ਨ ਮਹੀਨੇ ਤੋ ਬਾਅਦ ਪੂਰੀ ਦੁਨੀਆ ਵਿੱਚ ਸਰਧਾ ਭਾਵਨਾ ਨਾਲ ਮਨਾਇਆ ਜਾਦਾ ਹੈ । ਇਸੇ ਹੀ ਤਰ੍ਹਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹਲਕੇ ਵਿੱਚ ਪੈਂਦੇ ਪਿੰਡ ਦੁਗਨੀ ਵਿਖੇ ਈਦ ਦਾ ਪਵਿੱਤਰ ਤਿਉਹਾਰ ਮੁਸਲਿਮ ਭਰਾਵਾਂ ਵੱਲੋਂ ਮਸਜਿਦ ਵਿਚ ਨਵਾਜ਼ ਅਦਾ ਕਰਕੇ ਮਨਾਇਆ ਗਿਆ। ਜਿਸ ਵਿੱਚ ਮੁੱਖ ਮੰਤਰੀ ਕੈਂਪਸ ਇੰਚਾਰਜ ਸ ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕੀਟ ਕਮੇਟੀ ਧੂਰੀ ਵਿਸ਼ੇਸ਼ ਤੌਰ ਤੇ ਪਹੰਚੇ। ਇਸ ਮੌਕੇ ਬਲਾਕ ਪ੍ਰਧਾਨ ਗੁਰਤੇਜ ਸਿੰਘ ਤੇਜ਼ੀ, ਬਲਾਕ ਪ੍ਰਧਾਨ ਸੁਖਦੇਵ ਸਿੰਘ ਬਮਾਲ, ਪਿੰਡ ਦੁਗਨੀ ਦੇ ਸਰਪੰਚ ਗੋਗਾ ਦੁਗਨੀ, ਆਪ ਆਗੂ ਖਾਲਿਦ ਦੁਗਨੀ, ਆਪ ਆਗੂ ਜਾਵੇਦ ਦੁਗਨੀ, ਆਪ ਆਗੂ ਭਿੰਦਾ ਵਿਰਕ, ਆਪ ਆਗੂ ਮੁਮਤਾਜ ਦੁਗਨੀ ਹਾਜ਼ਰ ਸਨ।

## ਪਿੰਡ ਲੱਖਾ ਵਿਖੇ ਵਿਸ਼ਵ ਰਬਾਬੀ ਭਾਈ ਮਰਦਾਨਾ ਜੀ ਦੇ

# ਪ੍ਰਕਾਸ਼ ਪੁਰਬ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਕਰਵਾਇਆ





ਜਗਰਾਉਂ -(ਵਰਿਆਮ ਹਠੂਰ) ਜ਼ਿਲ੍ਹਾ ਲੁਧਿਆਣਾ ਦੇ ਪਿੰਡ ਲੱਖਾ ਵਿਖੇ ਪ੍ਰਸਿੱਧ ਰਾਗੀ ਭਾਈ ਸਰਦਾਰਾ ਸਿੰਘ ਜੀ ਹੱਸਮੁੱਖ ਲੱਖੇ ਵਾਲਿਆਂ ਦੇ ਕੀਤੇ ਸ਼ਲਾਘਾਯੋਗ ਉਪਰਾਲੇ ਅਤੇ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ, ਨਗਰ ਨਿਵਾਸੀਆਂ, ਅਤੇ ਐੱਨ ਆਰ ਆਈ ਸੰਗਤਾਂ ਦੇ ਸਹਿਯੋਗ ਸਦਕਾ ਗੁਰਦੁਆਰਾ ਦਮਦਮਾ ਸਾਹਿਬ ਪਾਤਸ਼ਾਹੀ ਛੇਵੀਂ ਵਿਖੇ ਵਿਸ਼ਵ ਰਬਾਬੀ ਭਾਈ ਮਰਦਾਨਾ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਮਹਾਨ ਕੀਰਤਨ ਦਰਬਾਰ ਸਜਾਇਆ ਗਿਆ, ਸਵੇਰੇ ਸਤਿਗੁਰਾਂ ਦੀ ਇਲਾਹੀ ਬਾਣੀ ਦੇ ਜਾਪ ਹੋਏ ਤੇ ਇਕੱਤਰ ਗੁਰਸੰਗਤਾਂ ਨੇ ਜੁੱਗੋ ਯੁੱਗ ਅਟੱਲ ਚਵਰ ਛਤਰ ਤਖ਼ਤ ਦੇ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਸਿਜਦਾ ਭੇਟ ਕੀਤਾ, ਭਾਈ ਸਰਦਾਰਾ ਸਿੰਘ ਜੀ ਲੱਖੇ ਵਾਲਿਆਂ ਦੇ ਪ੍ਰਸਿੱਧ ਕਵੀਸ਼ਰੀ ਜੱਥੇ ਨੇ ਗੁਰਬਾਣੀ ਕੀਰਤਨ ਦੀ ਵਰਖਾ ਨਾਲ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਤੇ ਭਾਈ ਵਿਸ਼ਵ ਰਬਾਬੀ ਭਾਈ ਮਰਦਾਨਾ ਜੀ ਦੇ ਜੀਵਨ ਪ੍ਰਤੀ ਸੰਗਤਾਂ ਨੂੰ ਚਾਨਣਾ ਪਾਇਆ, ਭਾਈ ਅੰਮ੍ਰਿਤਪਾਲ ਸਿੰਘ ਜੀ ਅਨਮੋਲ (ਲੁਧਿਆਣਾ) ਵਾਲਿਆਂ ਦੇ ਕੀਰਤਨੀ ਜੱਥੇ ਨੇ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ, ਭਾਈ ਇੰਦਰਜੀਤ ਸਿੰਘ ਜੀ ਸਾਜਨ (ਫ਼ਿਰੋਜ਼ਪੁਰ) ਵਾਲਿਆਂ ਦੇ ਸੁਰੀਲੇ ਕੀਰਤਨੀ ਜੱਥੇ ਨੇ ਗੁਰਸੰਗਤਾਂ ਨੂੰ ਜਿੱਥੇ ਭਾਈ ਮਰਦਾਨਾ ਜੀ ਦੇ ਜੀਵਨ ਪ੍ਰਤੀ ਜਾਣੂੰ ਕਰਵਾਇਆ, ਉੱਥੇ ਸੁਰੀਲੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਤੋਂ ਵਾਹ ਵਾਹ ਖੱਟੀ, ਸਮਾਗਮ ਵਿੱਚ ਐੱਮ ਐੱਲ ਏ ਬੀਬੀ ਸਰਵਜੀਤ ਕੌਰ ਮਾਣੂੰਕੇ ਨੇ ਪਹੁੰਚ ਕੇ ਗੁਰੂ ਸਾਹਿਬ ਨੂੰ ਸਿਜਦਾ ਭੇਟ ਕੀਤਾ ਤੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਪ੍ਰਸਿੱਧ ਰਾਗੀ ਭਾਈ ਸਰਦਾਰਾ ਸਿੰਘ ਜੀ ਹੱਸਮੁੱਖ ਲੱਖੇ ਵਾਲਿਆਂ ਨੂੰ ਵਿਸ਼ਵ ਰਬਾਬੀ ਭਾਈ ਮਰਦਾਨਾ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਕਰਵਾਉਣ ਲਈ ਕੀਤੇ ਉਪਰਾਲੇ ਮੁਬਾਰਕਾਂ ਦਿੱਤੀਆਂ, ਬੀਬੀ ਸਰਵਜੀਤ ਕੌਰ ਮਾਣੂੰਕੇ ਨੇ ਕਿਹਾ ਕਿ ਭਾਈ ਮਰਦਾਨਾ ਜੀ ਨੇ ਬੜਾ ਲੰਬਾ ਸਮਾਂ ਗੁਰੂ ਸਾਹਿਬ ਨਾਲ ਬਿਤਾਇਆ ਤੇ ਗੁਰੂ ਸਾਹਿਬ ਦੇ ਰਬਾਬੀ ਹੋਣ ਦਾ ਮਾਣ ਹਾਸਲ ਕੀਤਾ ਇਸ ਲਈ ਸਾਨੂੰ ਉਨ੍ਹਾਂ ਦਾ ਮਾਣ ਨਾਲ ਦਿਹਾੜਾ ਮਨਾਉਣਾ ਚਾਹੀਦਾ ਹੈ। ਗੱਲਬਾਤ ਕਰਦਿਆਂ ਪ੍ਰਸਿੱਧ ਰਾਗੀ ਭਾਈ ਸਰਦਾਰਾ ਸਿੰਘ ਜੀ ਲੱਖਾ ਨੇ ਕਿਹਾ ਕਿ ਸਭ ਤੋਂ ਪਹਿਲਾਂ ਧੁਰ ਕੀ ਬਾਣੀ (ਗੁਰਬਾਣੀ) ਸ਼੍ਰੀ ਗੁਰੂ ਨਾਨਕ ਦੇਵ ਜੀ ਤੋਂ ਵਿਸ਼ਵ ਰਬਾਬੀ ਭਾਈ ਮਰਦਾਨਾ ਜੀ ਨੇ ਸੁਣੀ ਤੇ ਰਬਾਬ ਵਜਾ ਕੇ ਗੁਰੂ ਸਾਹਿਬ ਦੇ ਰਬਾਬੀ ਹੋਣ ਦਾ ਮਾਣ ਹਾਸਲ ਕੀਤਾ, ਸਾਨੂੰ ਸਾਡੇ ਗੁਰੂ ਸਾਹਿਬਾਨਾਂ ਦੇ ਪਾਏ ਪੂਰਨਿਆਂ ਤੇ ਚੱਲਣਾ ਚਾਹੀਦਾ ਹੈ। ਤੇ ਮਨਮੱਤ ਛੱਡ ਕੇ ਗੁਰਬਾਣੀ ਦਾ ਪੱਲਾ ਫੜਨਾ ਚਾਹੀਦਾ ਹੈ। ਅੰਤ ਵਿੱਚ ਭਾਈ ਸਰਦਾਰਾ ਸਿੰਘ ਜੀ ਹੱਸਮੁੱਖ ਲੱਖੇ ਵਾਲਿਆਂ ਅਤੇ ਪ੍ਰਬੰਧਕਾਂ ਵੱਲੋਂ ਰਾਗੀ ਭਾਈ ਇੰਦਰਜੀਤ ਸਿੰਘ ਜੀ ਸਾਜਨ (ਫ਼ਿਰੋਜ਼ਪੁਰ ਵਾਲੇ) ਰਾਗੀ ਭਾਈ ਅੰਮ੍ਰਿਤਪਾਲ ਸਿੰਘ ਜੀ ਅਨਮੋਲ (ਲੁਧਿਆਣਾ ਵਾਲੇ) ਰਾਗੀ ਭਾਈ ਸਤਵੀਰ ਸਿੰਘ ਜੀ ਅਤੇ ਭਾਈ ਸਰਦਾਰਾ ਸਿੰਘ ਜੀ ਪਟਿਆਲਾ ਜਨਰਲ ਸੈਕਟਰੀ ਵਿਸ਼ਵ ਰਬਾਬੀ ਭਾਈ ਮਰਦਾਨਾ ਜੀ ਵੈਲਫੇਅਰ ਸੁਸਾਇਟੀ (ਪੰਜਾਬ) ਦਾ ਵਿਸ਼ੇਸ਼ ਤੌਰ ਤੇ ਸਿਰੋਪਾਓ ਲੋਈਆਂ ਅਤੇ ਯਾਦਗਾਰੀ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ, ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਭਾਈ ਜਗਰੂਪ ਸਿੰਘ ਜੀ ਨੂੰ ਵੀ ਸਨਮਾਨਿਤ ਕੀਤਾ ਗਿਆ, ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਸਿੱਧ ਰਾਗੀ ਭਾਈ ਸਰਦਾਰਾ ਸਿੰਘ ਜੀ ਹੱਸਮੁੱਖ (ਲੱਖੇ ਵਾਲੇ) ਨੂੰ ਸ਼ਲਾਘਾਯੋਗ ਉਪਰਾਲੇ ਲਈ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ, ਅੰਤ ਵਿੱਚ ਭਾਈ ਸਰਦਾਰਾ ਸਿੰਘ ਜੀ ਹੱਸਮੁੱਖ ਨੇ ਸਮੂਹ ਨਗਰ ਨਿਵਾਸੀਆਂ ਐੱਨ ਆਰ ਆਈ ਸੰਗਤਾਂ, ਕੀਰਤਨੀ ਜੱਥਿਆਂ, ਬੀਬੀ ਸਰਵਜੀਤ ਕੌਰ ਮਾਣੂੰਕੇ, ਨੂਰਾ ਮਾਹੀ ਸੇਵਾ ਸੁਸਾਇਟੀ ਰਾਏਕੋਟ, ਕੁਲਵਿੰਦਰ ਸਿੰਘ ਜੀ ਯੂ ਕੇ, ਅਜੀਤ ਸਿੰਘ ਗੌਰੀਆਂ, ਭਾਈ ਸਰਦਾਰਾ ਸਿੰਘ ਜੀ ਪਟਿਆਲਾ, ਬਲਜਿੰਦਰ ਸਿੰਘ ਜੀ ਮਾਲਵਾ, ਭਾਈ ਗੁਰਪ੍ਰੀਤ ਸਿੰਘ ਭਾਗੀਕੇ, ਗ੍ਰੰਥੀ ਭਾਈ ਰਜਿੰਦਰ ਸਿੰਘ ਜੀ ਭਾਈ ਜਗਪਾਲ ਸਿੰਘ ਮਾਨ ਝੋਰੜਾਂ, ਸੂਬੇਦਾਰ ਸੁਖਦੇਵ ਸਿੰਘ ਲੱਖਾ, ਭਾਈ ਗੁਰਇਕਬਾਲ ਸਿੰਘ, ਐਜੂਕੇਸ਼ਨ ਪੰਜਾਬ ਪ੍ਰੋਜੈਕਟ, ਭਾਈ ਮਲਕੀਤ ਸਿੰਘ ਜੀ ਮਹਿਲ ਕਲਾਂ, ਢਾਡੀ ਇੰਦਰਜੀਤ ਸਿੰਘ ਜੀ ਲੱਖਾ, ਸਮੇਤ ਸਮੂਹ ਸਹਿਯੋਗੀਆਂ ਅਤੇ ਇਕੱਤਰ ਸੰਗਤਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ ਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ।



### ਸੁਰੀਲੇ ਕੀਰਤਨੀ ਜੱਥਿਆਂ ਨੇ ਕੀਰਤਨ ਰਾਹੀਂ ਸੰਗਤਾਂ ਦਾ ਦਿਲ ਮੋਹ ਲਿਆ

## ਬਾਦਲ ਅਕਾਲੀ ਦਲ ਨੂੰ ਵੱਡਾ ਝਟਕਾ

# ਹਲਕਾ ਸ੍ਰੀ ਚਮਕੌਰ ਸਾਹਿਬ ਤੋਂ ਹਰਮੋਹਨ ਸਿੰਘ ਸੰਧੂ ਨੇ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਐਲਾਨੀ ਪੰਜ ਮੈਬਰੀ ਕਮੇਟੀ ਰਾਹੀ ਭਰਤੀ ਕਰਨ ਦਾ ਕੀਤਾ ਐਲਾਨ

**ਸ੍ਰੀ ਚਮਕੌਰ ਸਾਹਿਬ, 31 ਮਾਰਚ (ਆਵਾਜ਼ਿ ਕੌਮ ਬਿਊਰੋ)**- ਸ੍ਰੋਮਣੀ ਅਕਾਲੀ ਦਲ ਬਾਦਲ ਨੂੰ ਉਸ ਸਮੇਂ ਵੱਡਾ ਝਟਕਾ ਲੱਗਾ ਜਦੋਂ ਹਲਕਾ ਮੋਰਿਡਾ ਤੋਂ ਦੋ ਵਾਰ ਵਿਧਾਇਕ ਰਹੇ ਅਜੈਬ ਸਿੰਘ ਸੰਧੂ ਅਤੇ ਹਲਕਾ ਸ੍ਰੀ ਚਮਕੌਰ ਸਾਹਿਬ ਤੋਂ ਚਾਰ ਵਾਰ ਵਿਧਾਇਕ ਰਹੇ ਬੀਬੀ ਸਤਵੰਤ ਕੌਰ ਸੰਧੂ ਸਾਬਕਾ ਮੰਤਰੀ ਦੇ ਪੁੱਤਰ ਹਰਮੋਹਨ ਸਿੰਘ ਸੰਧੂ ਨੇ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਐਲਾਨੀ ਗਈ ਪੰਜ ਮੈਬਰੀ ਕਮੇਟੀ ਰਾਹੀਂ ਜਲਦੀ ਹੀ ਸ੍ਰੀ ਚਮਕੌਰ ਸਾਹਿਬ ਵਿਖੇ ਵੱਡਾ ਇੱਕਠ ਕਰਕੇ ਭਰਤੀ ਸ਼ੁਰੂ ਕਰ ਕਰਨ ਦਾ ਐਲਾਨ ਕੀਤਾ। ਸੰਧੂ ਪਰਿਵਾਰ ਦੇ ਹਰਜਿੰਦਰ ਸਿੰਘ ਲਾਲੀ ਵੀ ਹਲਕਾ ਸ੍ਰੀ ਚਮਕੌਰ ਸਾਹਿਬ ਤੋਂ ਸੇਵਾ ਕਰਦੇ ਰਹੇ ਹਨ। ਸਰਦਾਰ ਅਜੈਬ ਸਿੰਘ ਸੰਧੂ ਤੇ ਬੀਬੀ ਸਤਵੰਤ ਕੌਰ ਸੰਧੂ ਦੇ ਪੁੱਤਰ ਹਰਮੋਹਨ ਸਿੰਘ ਸੰਧੂ ਨੇ ਆਸਟ੍ਰੇਲੀਆਂ ਤੋਂ ਗੱਲਬਾਤ ਕਰਦਿਆ ਕਿਹਾ ਕਿ ਉਹ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਐਲਾਨੀ ਗਈ ਪੰਜ ਮੈਬਰੀ ਕਮੇਟੀ ਜਿਸ ਵਿੱਚ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ,ਜੱਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ,ਇਕਬਾਲ ਸਿੰਘ ਝੂੰਦਾ,ਜੱਥੇਦਾਰ ਸੰਤਾ ਸਿੰਘ ਉਮੇਦਪੁਰੀ, ਤੇ ਬੀਬੀ ਸਤਵੰਤ ਕੌਰ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਦਿਸ਼ਾ ਨਿਰਦੇਸ਼ਾ ਤਹਿਤ ਉਹ ਭਰਤੀ ਮੁਹਿੰਮ ਨੂੰ ਕਾਮਯਾਬ ਕਰਨ ਲਈ ਸ੍ਰੀ ਚਮਕੌਰ ਸਾਹਿਬ ਜੋ ਕਿ ਦਸਵੇਂ ਪਾਤਸ਼ਾਹ ਜੀ ਦੀ ਚਰਨ ਛੋਹ ਅਤੇ ਚਮਕੌਰ ਸਾਹਿਬ ਦੀ ਗੜ੍ਹੀ ਦੇ ਸ਼ਹੀਦਾਂ ਦੀ ਧਰਤੀ ਹੈ ,ਇਥੋਂ ਉਹ ਆਪਣੇ ਹਲਕੇ ਦੇ ਪੰਥਕ ਵਰਕਰਾਂ ਦੇ ਨਾਲ ਭਰਤੀ ਮੁਹਿੰਮ ਦੀ ਸ਼ੁਰੂਆਤ ਕਰਨਗੇ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਤੋਂ ਜੋ ਵੀ ਹੁਕਮਨਾਮਾ ਆਉਦਾ ਹੈ ਉਸ ਤੇ ਪਹਿਰਾ ਦੇਣਾ ਹਰੇਕ ਸਿੱਖ ਦਾ ਫਰਜ ਬਣਦਾ ਹੈ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਤੋਂ ਬਣਾਈ ਗਈ ਪੰਜ ਮੈਬਰੀ ਭਰਤੀ ਕਮੇਟੀ ਵੱਲੋਂ ਸ੍ਰੋਮਣੀ ਅਕਾਲੀ ਦੀ ਭਰਤੀ ਮੁਹਿੰਮ ਨੂੰ ਸਫਲ ਬਣਾਉਣਾ ਵੀ ਸਾਡਾ ਫਰਜ ਹੈ,ਉਨ੍ਹਾਂ ਕਿਹਾ ਕਿ ਪੰਜਾਬ ਦੇ ਹਿੱਤਾ ਲਈ ਸ੍ਰੋਮਣੀ ਅਕਾਲੀ ਦਲ ਨੂੰ ਮੁੜ ਸੁਰਜੀਤ ਹੋਣਾ ਪਵੇਗਾ ਕਿਉਕਿ ਪੰਜਾਬ ਦੇ ਲੋਕਾ ਦੀ ਅਵਾਜ ਬੁਲੰਦ ਕਰਨ ਅਤੇ ਸਿੱਖ ਕੌਮ ਲਈ ਸ੍ਰੋਮਣੀ ਅਕਾਲੀ ਦਲ ਨੂੰ ਮਜਬੂਤ ਕਰਨਾ ਹੋਵੇਗਾ।



### ਸ੍ਰੀ ਚਮਕੌਰ ਸਾਹਿਬ ਵਿਖੇ ਵੱਡਾ ਇੱਕਠ ਕਰਕੇ ਕਰਨਗੇ ਭਰਤੀ ਸ਼ੁਰੂ

# ਸੱਤਿਆ ਐਲੀਮੈਂਟਰੀ ਸਕੂਲ ਭੱਟੀਕੇ ਦੇ ਨਤੀਜੇ ਰਹੇ ਸ਼ਾਨਦਾਰ







**ਬਾਬਾ ਸੁਖਵੰਤ ਸਿੰਘ ਚੰਨਣਕੇ ਚੌਕ ਮਹਿਤਾ**, 31 ਮਾਰਚ-ਸੱਤਿਆ ਐਲੀਮੈਂਟਰੀ ਸਕੂਲ ਭੱਟੀਕੇ ਦੇ ਸਕੂਲ ਸਲਾਨਾ ਪਰੀਖਿਆ ਵਿੱਚ ਵੱਖ ਵੱਖ ਦਰਜਿਆਂ ਤੇ ਆਉਣ ਵਾਲੇ ਬੱਚਿਆਂ ਦਾ ਨਤੀਜਾ ਰਿਹਾ ਸ਼ਾਨਦਾਰ। ਚੰਗੇ ਨੰਬਰ ਤੇ ਆਉਣ ਬੱਚਿਆਂ ਨੂੰ ਇਨਾਮ ਦਿੱਤੇ ਗਏ, ਇਸ ਸਫਲਤਾ ਦਾ ਸਿਹਰਾ ਸਕੂਲ ਦੇ ਮੁੱਖ ਅਧਿਆਪਕਾਂ ਅਤੇ ਸਮੂਹ ਸਟਾਫ ਨੂੰ ਜਾਂਦਾ ਹੈ। ਇਸ ਮੌਕੇ ਤੇ ਸਕੂਲ ਦੇ ਮੁੱਖ ਅਧਿਆਪਕਾਂ ਸ੍ਰੀ ਮਤੀ ਮੈਡਮ ਦਲਜਿੰਦਰ ਕੌਰ,, ਪਰਦੀਪ ਕੌਰ, ਪ੍ਰਿਪਾਲ ਕੌਰ, ਬੱਬਲਪਰੀਤ ਕੌਰ, ਪ੍ਰਭਜੀਤ ਕੌਰ, ਦੀਪਤੀ ਸਰਮਾ, ਸੁਖਮੀਤ ਕੌਰ, ਕਿਰਨ ਕੁਮਾਰੀ, ਦਲਬੀਰ ਕੌਰ, ਰਜਵੰਤ ਕੌਰ ਆਦਿ ਸਮੂਹ ਸਟਾਫ ਹਾਜ਼ਰ ਸਨ।

# ਕੈਬਨਟ ਮੰਤਰੀ ਸਰਦਾਰ ਈਟੀਓ ਨੇ ਈਦ-ਉਲ-ਫਿਤਰ ਦੇ ਤਿਉਹਾਰ 'ਤੇ ਮੁਸਲਿਮ ਭਾਈਚਾਰੇ ਨੂੰ ਵਧਾਈ ਦਿੱਤੀ



ਜੰਡਿਆਲਾ ਗੁਰੂ, 31 ਮਾਰਚ ( ਕੁਲਵੰਤ ਸਿੰਘ ਵਿਰਦੀ) ਅੱਜ ਦੇਸ਼ ਭਰ ਵਿੱਚ ਈਦ-ਉਲ-ਫਿਤਰ (ਮਿੱਠੀ ਈਦ) ਦਾ ਤਿਉਹਾਰ ਮਨਾਇਆ ਜਾ ਰਿਹਾ ਹੈ। ਆਪਸੀ ਭਾਈਚਾਰੇ ਦੇ ਪ੍ਰਤੀਕ ਈਦ-ਉਲ-ਫਿਤਰ ਦੇ ਸ਼ੁਭ ਮੌਕੇ 'ਤੇ, ਕੈਬਨਟ ਮੰਤਰੀ ਪੰਜਾਬ ਸਰਦਾਰ ਹਰਭਜਨ ਸਿੰਘ ਈਟੀਓ ਨੇ ਪਿੰਡ ਗਦਲੀ ਦੇ ਮੁਸਲਿਮ ਭਾਈਚਾਰੇ ਦੇ ਲੋਕਾਂ ਨੂੰ ਈਦ ਦੀਆਂ ਮੁਬਾਰਕਾਂ ਦਿੱਤੀਆਂ । ਉਨ੍ਹਾਂ ਕਿਹਾ ਕਿ ਈਦ ਦਾ ਤਿਉਹਾਰ ਸਾਡੇ ਸਮਾਜ ਵਿੱਚ ਉਮੀਦ, ਸਦਭਾਵਨਾ ਅਤੇ ਦਿਆਲਤਾ ਦੀ ਭਾਵਨਾ ਨੂੰ ਵਧਾਉਦਾਂ ਹੈ। ਤੁਹਾਨੂੰ ਆਪਣੇ ਸਾਰੇ ਯਤਨਾਂ ਵਿੱਚ ਖੁਸ਼ੀ ਅਤੇ ਸਫਲਤਾ ਮਿਲੇ।ਕੈਬਨਟ ਮੰਤਰੀ ਸਰਦਾਰ ਈਟੀਓ ਨੇ ਮਨਸੂਰ ਦੀਨ ਫ਼ਜ਼ਲਮੁਹੰਮਦ ਫ਼ਿਰੋਜ਼ਦੀਨ ਨੂਰ ਮੁਹੰਮਦ ਦਾ ਮੂੰਹ ਮਿੱਠਾ ਕਰਵਾਇਆ ਅਤੇ ਈਦ ਦੀਆਂ ਵਾਰਕਾਂ ਦਿੱਤੀਆਂ ਇਸ ਮੌਕੇ ਰਣਬੀਰ ਸਿੰਘ ਨਿਸ਼ਾਨ ਸਿੰਘ ਜਗਰੂਪ ਸਿੰਘ ਚੇਅਰਮੈਨ ਗੁਰਵਿੰਦਰ ਸਿੰਘ ਵੀ ਹਾਜ਼ਰ ਸਨ।

# 1,50,000 ਰੁਪਏ ਰਿਸ਼ਵਤ ਮੰਗਣ ਦੇ ਦੋਸ਼ ਹੇਠ ਐਸਐਚਓ ਤੇ ਏਐਸਆਈ ਵਿਜੀਲੈਂਸ ਬਿਊਰੋ ਵੱਲੋਂ ਗ੍ਰਿਫ਼ਤਾਰ

**ਹੁਸ਼ਿਆਰਪੁਰ, 31 ਮਾਰਚ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਹੁਸ਼ਿਆਰਪੁਰ ਜ਼ਿਲ੍ਹੇ ਦੇ ਥਾਣਾ ਬੁੱਲੋਵਾਲ ਵਿਖੇ ਤਾਇਨਾਤ ਥਾਣੇਦਾਰ (ਐਸਐਚਓ) ਰਮਨ ਕੁਮਾਰ ਸਬ-ਇੰਸਪੈਕਟਰ (ਐਸਆਈ) ਅਤੇ ਉਸ ਦੇ ਮਤਹਿਤ ਸਹਾਇਕ ਸਬ-ਇੰਸਪੈਕਟਰ (ਏਐਸਆਈ) ਗੁਰਦੀਪ ਸਿੰਘ ਨੂੰ 1,50,000 ਰੁਪਏ ਰਿਸ਼ਵਤ ਮੰਗਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਵਿਜੀਲੈਂਸ ਬਿਊਰੋ ਦੇ ਇੱਕ ਸਰਕਾਰੀ ਬੁਲਾਰੇ ਨੇ ਅੱਜ ਇੱਥੇ ਇਹ ਖੁਲਾਸਾ ਕਰਦਿਆਂ ਦੱਸਿਆ ਕਿ ਇਹ ਗ੍ਰਿਫ਼ਤਾਰੀਆਂ ਮੁੱਖ ਮੰਤਰੀ ਦੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ 'ਤੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਅਸਲਪੁਰ ਦੇ ਇੱਕ ਨਿਵਾਸੀ ਦੁਆਰਾ ਦਾਇਰ ਕੀਤੀ ਗਈ ਇੱਕ ਔਨਲਾਈਨ ਸ਼ਿਕਾਇਤ ਦੀ ਜਾਂਚ ਤੋਂ ਬਾਅਦ ਕੀਤੀਆਂ ਗਈਆਂ ਹਨ। ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਕਿ ਉਕਤ ਥਾਣੇ ਵਿੱਚ ਉਸ ਦੇ ਭਤੀਜੇ ਵਿਰੁੱਧ ਐਨਡੀਪੀਐਸ ਕਾਨੂੰਨ ਤਹਿਤ ਐਫਆਈਆਰ ਦਰਜ ਕੀਤੀ ਗਈ ਸੀ ਅਤੇ ਉਕਤ ਪੁਲਿਸ ਮੁਲਾਜ਼ਮ ਉਸ ਦੇ ਪੁੱਤਰ ਨੂੰ ਐਨਡੀਪੀਐਸ ਕਾਨੂੰਨ ਦੀ ਧਾਰਾ 29 ਤਹਿਤ ਇਸ ਮੁਕੱਦਮੇ ਵਿੱਚ ਫਸਾਉਣ ਦੀ ਧਮਕੀ ਦੇ ਰਹੇ ਸਨ। ਸ਼ਿਕਾਇਤ ਅਨੁਸਾਰ, ਉਕਤ ਏਐਸਆਈ ਨੇ ਉਸ ਦੇ ਪੁੱਤਰ ਨੂੰ ਕੇਸ ਵਿੱਚੋਂ ਕੱਢਣ ਲਈ ਐਸਐਚਓ ਦੀ ਤਰਫੋਂ 1,50,000 ਰੁਪਏ ਦੀ ਰਿਸ਼ਵਤ ਮੰਗੀ ਸੀ ਪਰ ਸ਼ਿਕਾਇਤਕਰਤਾ ਵੱਲੋਂ ਮਿੰਨਤਾਂ ਕਰਨ ਤੋਂ ਬਾਅਦ ਰਿਸ਼ਵਤ ਦੀ ਇਹ ਰਕਮ ਘਟਾ ਕੇ 1 ਲੱਖ ਰੁਪਏ ਕਰ ਦਿੱਤੀ ਗਈ। ਸ਼ਿਕਾਇਤਕਰਤਾ ਨੇ ਰਿਸ਼ਵਤ ਦੀ ਮੰਗ ਕਰਦਿਆਂ ਉਕਤ ਦੋਵਾਂ ਪੁਲਿਸ ਮੁਲਾਜ਼ਮਾਂ ਵਿਚਕਾਰ ਹੋਈ ਗੱਲਬਾਤ ਰਿਕਾਰਡ ਕਰ ਲਈ ਅਤੇ ਆਡੀਓ ਸਬੂਤ ਵਿਜੀਲੈਂਸ ਬਿਊਰੋ ਨੂੰ ਸੌਂਪ ਦਿੱਤੇ। ਬੁਲਾਰੇ ਨੇ ਅੱਗੇ ਦੱਸਿਆ ਕਿ ਵਿਜੀਲੈਂਸ ਬਿਊਰੋ ਹੁਸ਼ਿਆਰਪੁਰ ਯੂਨਿਟ ਵੱਲੋਂ ਸ਼ਿਕਾਇਤ ਦੀ ਜਾਂਚ ਕਰਨ ਅਤੇ ਕਾਨੂੰਨੀ ਸਲਾਹ ਲੈਣ ਤੋਂ ਬਾਅਦ ਉਕਤ ਦੋਵਾਂ ਮੁਲਜ਼ਮਾਂ ਵਿਰੁੱਧ ਭ੍ਰਿਸ਼ਟਾਚਾਰ ਰੋਕਥਾਮ ਕਾਨੂੰਨ ਦੀ ਧਾਰਾ 7 ਅਤੇ 7ਏ, ਬੀਐਨਐਸ ਦੀ ਧਾਰਾ 61(2) ਅਤੇ ਐਨਡੀਪੀਐਸ ਕਾਨੂੰਨ ਦੀ ਧਾਰਾ 59 ਤਹਿਤ ਵਿਜੀਲੈਂਸ ਬਿਊਰੋ ਦੇ ਜਲੰਧਰ ਰੇਂਜ ਦੇ ਥਾਣੇ ਵਿੱਚ ਮੁਕੱਦਮਾ ਦਰਜ ਕੀਤਾ ਗਿਆ ਹੈ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਖਾਲਸਾ ਪੰਥ ਦੇ ਸਾਜਨਾ ਦਿਵਸ ਅਤੇ ਵਿਸਾਖੀ ਦਾ ਦਿਹਾੜਾ ਇਨਸਬਰੁਕ ਤਰੋਲ ਵਿਖੇ ਬਹੁਤ ਹੀ ਸ਼ਰਧਾ ਭਾਵਨਾ ਅਤੇ ਧੂਮ ਧਾਮ ਨਾਲ ਮਨਾਇਆ

# ਇੰਟਰਨੈਸ਼ਨਲ ਪੰਥਕ ਦਲ ਵੱਲੋਂ ਵਿਸ਼ੇਸ਼ ਤੌਰ ਤੇ ਸਮਾਗਮ ਵਿੱਚ ਪਹੁੰਚ ਕੇ ਸ਼ਿਰਕਤ ਕੀਤੀ

## ਸਟੇਜ ਸੈਕਟਰੀ ਦੀ ਸੇਵਾ ਭਾਈ ਵਰਿੰਦਰ ਸਿੰਘ ਜੀ ਜੌਹਲ ਵੱਲੋਂ ਬਹੁਤ ਹੀ ਖੂਬ ਅਤੇ ਚੜ੍ਹਦੀ ਕਲਾ ਨਾਲ ਨਿਭਾਈ ਗਈ

















ਆਵਾਜ਼ਿ ਕੌਮ AWAZE QAUM International Newspaper & WEB TV








**ਨਵੀਂ ਦਿੱਲੀ,** 31 **ਮਾਰਚ (ਮਨਪ੍ਰੀਤ ਸਿੰਘ ਵਾੜਾ ਸ਼ੇਰ ਸਿੰਘ)**-ਖਾਲਸਾ ਪੰਥ ਦੇ ਸਾਜਨਾ ਦਿਵਸ ਅਤੇ ਵਿਸਾਖੀ ਦਾ ਦਿਹਾੜਾ ਇਨਸਬਰੁਕ ਤਰੋਲ ਵਿਖੇ 30 ਮਾਰਚ 2025 ਨੂੰ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ ਸ੍ਰੀ ਸੁਖਮਨੀ ਸਾਹਿਬ ਜੀ ਦੇ ਭੋਗ ਪਵਾ ਕੇ ਉਪਰੰਤ ਦੀਵਾਨ ਸਜਾਏ ਗਏ ਜਿਸ ਵਿੱਚ ਰਾਗੀ ਜਥਾ ਇਟਲੀ ਵਾਲਿਆਂ ਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।ਪਾਵਨ ਉਪਦੇਸ਼ ਹੁਕਮਨਾਮੇ ਦੀ ਕਥਾ ਵਿਚਾਰ ਇੰਟਰਨੈਸ਼ਨਲ ਪੰਥਕ ਦਲ ਅਸਟਰੀਆ ਯੂਰਪ ਦੇ ਪ੍ਰਧਾਨ ਜਥੇਦਾਰ ਬਾਬਾ ਨਛੱਤਰ ਸਿੰਘ ਜੀ ਭੈਣੀ ਮੱਸਾ ਸਿੰਘ ਵਾਲਿਆਂ ਨੇ ਕੀਤੀ।ਢਾਡੀ ਜਥਾ ਭਾਈ ਸਤਪਾਲ ਸਿੰਘ ਵਿਆਨਾਂ ਨੇ ਢਾਡੀ ਵਾਰਾਂ ਗਾ ਕੇ ਸੰਗਤਾਂ ਵਿੱਚ ਖੂਬ ਰੰਗ ਬੰਨਿਆ ।ਸਟੇਜ ਸੈਕਟਰੀ ਦੀ ਸੇਵਾ ਇੰਟਰਨੈਸਨਲ ਪੰਥਕ ਦਲ ਅਸਟਰੀਆ ਯੂਰਪ ਦੇ ਮੁੱਖ ਬੁਲਾਰੇ ਭਾਈ ਵਰਿੰਦਰ ਸਿੰਘ ਜੀ ਜੌਹਲ ਨੇ ਬਹੁਤ ਹੀ ਖੂਬ ਅਤੇ ਚੜਦੀ ਕਲਾ ਨਾਲ ਨਿਭਾਈ।ਸਮਾਗਮ ਵਿੱਚ ਇੰਟਰਨੈਸ਼ਨਲ ਪੰਥਕ ਦਲ ਜਥੇਬੰਦੀ ਦੇ ਸਮੂਹ ਆਗੂਆਂ ਵੱਲੋਂ ਵਿਸ਼ੇਸ਼ ਤੌਰ ਤੇ ਹਾਜਰੀ ਭਰੀ ਗਈ।ਸਿਰਪਾਓ ਦੇਣ ਦੀ ਸੇਵਾ ਭਾਈ ਹਰਪ੍ਰੀਤ ਸਿੰਘ ਜਰਨਲ ਸਕੱਤਰ ਅਸਟਰੀਆ ਇੰਟਰਨੈਸ਼ਨਲ ਪੰਥਕ ਦਲ ਅਤੇ ਪ੍ਰਧਾਨ ਇਨਸਬਰੁਕ ਵੱਲੋਂ ਕੀਤੀ ਗਈ।ਆਈਆਂ ਸੰਗਤਾਂ ਵਾਸਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ। ਜਥੇਦਾਰ ਬਾਬਾ ਨਛੱਤਰ ਸਿੰਘ ਜੀ ਨੇ ਬੋਲਦਿਆਂ ਦੱਸਿਆ ਕਿ ਖਾਲਸਾ ਪੰਥਰੇ ਸਾਜਨਾ ਦਿਵਸ ਅਤੇ ਵਿਸਾਖੀ ਦੇ ਦਿਹਾੜੇ ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ ਹੋਣ ਸਾਨੂੰ ਸਾਰਿਆਂ ਨੂੰ ਗੁਰੂ ਸਾਹਿਬ ਜੀ ਦੇ ਪਾਏ ਪੂਰਨਿਆਂ ਤੇ ਚੱਲਣਾ ਅਤੇ ਅੰਮ੍ਰਿਤੁ ਪੀਆ ਸਤਿਗੁਰਿ ਦੀਆ।।ਖਾਲਸੇ ਪੰਥ ਦੇ ਸਾਜਨਾ ਦਿਵਸ ਤੇ ਪ੍ਰਣ ਕਰੀਏ ਦੁਨਿਆਵੀ ਕੁਰੀਤੀਆਂ ਦਾ ਤਿਆਗ ਕਰਕੇ ਸ਼ੁਭ ਗੁਣਾ ਦੇ ਧਾਰਨੀ ਬਣੀਏ ਅੰਮ੍ਰਿਤ ਛਕੀਏ ਗੁਰੂ ਵਾਲੇ ਬਣ ਕੇ ਆਪਣਾ ਜੀਵਨ ਸਫਲਾ ਕਰੀਏ।ਇਸ ਮੌਕੇ ਜਥੇਦਾਰ ਬਾਬਾ ਨਛੱਤਰ ਸਿੰਘ ਜੀ ਭੈਣੀ ਮੱਸਾ ਸਿੰਘ ਵਾਲਿਆਂ ਤੋ ਇਲਾਵਾ ਭਾਈ ਸਾਗਰਪਾਲ ਸਿੰਘ ਸਾਲਜਬਰਗ ਪ੍ਰਧਾਨ ,ਭਾਈ ਹਰਮੇਲ ਸਿੰਘ ਮੀਤ ਪ੍ਰਧਾਨ, ਬਲਬੀਰ ਸਿੰਘ ,ਭਾਈ ਪਰਸਨ ਸਿੰਘ ਸੰਧੂ, ਪ੍ਰਦੀਪ ਸਿੰਘ ਪਰਮਾਰ, ਗੁਰਪ੍ਰੀਤ ਸਿੰਘ ਖਹਿਰਾ, ਹਰਦੀਪ ਸਿੰਘ ਥਿੰਦ, ਰਜਿੰਦਰ ਸਿੰਘ, ਪਰਮਜੀਤ ਸਿੰਘ ਪੰਮਾ ਬੋਲੀਵੁੱਡ ,ਰਾਜੀਵ ਕੁਮਾਰ ਨਾਗਪਾਲ ,ਪ੍ਰਦੀਪ ਸਿੰਘ ਅਫਗਾਨੀ ,ਦਮਨਪ੍ਰੀਤ ਕੌਰ ਪਰਮਾਰ, ਅਮਨਦੀਪ ਸਿੰਘ ਇਟਲੀ, ਪ੍ਰਦੀਪ ਸਿੰਘ ਸੋਨੀ ,ਰਵਿੰਦਰਜੀਤ ਸਿੰਘ ਰਵੀ ਪ੍ਰਧਾਨ ਇਟਲੀ ਬਲਜਾਨੋ ,ਗੁਰਮੁੱਖ ਸਿੰਘ ਬੰਗਾ ,ਹਰਮਨ ਸਿੰਘ ਵਿਆਨਾ, ਸ਼ਮਸ਼ੇਰ ਸਿੰਘ ਮਾਂਗਟ ਵਿਆਨਾ, ਗੁਰਪ੍ਰੀਤ ਸਿੰਘ ਨਾਗਰਾ ਲਿਨਸ, ਪ੍ਰਧਾਨ ਤਰਸੇਮ ਸਿੰਘ ਕਲੈਗਨ ਫਰੋਟ, ਸੀਨੀਅਰ ਮੀਤ ਪ੍ਰਧਾਨ ਹਰਪਾਲ ਸਿੰਘ ਆਈਪੀਡੀ ,ਦਰਬਾਰਾ ਸਿੰਘ, ਨਿਰਵੈਰ ਸਿੰਘ, ਰਜਿੰਦਰ ਸਿੰਘ ਅਤੇ ਹੋਰ ਬੇਅੰਤ ਸੰਗਤਾਂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

